ਰੇਡੀਓ ਲਵੀਵਾਰ- ਟਿਕਾਊ ਵਿਕਾਸ - ਚਲਦੀ ਰਹੇ ਇਹ ਜਿੰਦਗੀ

ਕੜੀ-16,

ਟਿਕਾਊ ਵਿਕਾਸ- ਚਲਦੀ ਰਹੇ ਇਹ ਜਿੰਦਗੀ- ਚਰਚਾ **( Sustainable Development – Charcha )**

ਪੰਜਾਬੀ ਲੇਖਣ: ਭਾਰਤ ਗਿਆਨ ਵਿਗਿਆਨ ਸੰਮਤੀ ਪੰਜਾਬ ਤੇ ਚੰਡੀਗੜ੍ਹ

**(It is interactive episode , in it we shall discuss the brief of the previous 6 episodes , have interaction with experts , and shall try to raise various possible questions and an endevour shall be made to answer the same even in the absence of experts .)**

ਪਾਤਰ

ਇਸਤਰੀ ਸੂਤਰਧਾਰ

ਪੁਰਸ਼ ਸੂਤਰਧਾਰ

ਲੋੜ ਅਨੁਸਾਰ ਹੋਰ

<u>ਸੁਰੂਆਤੀ ਐਲਾਨ</u>

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣ ਰਿਹਾ ਹੈ )

"ਟਿਕਾਊ ਵਿਕਾਸ- ਚਲਦੀ ਰਹੇ ਇਹ ਜਿੰਦਗੀ"

(ਸੰਗੀਤ…)

**ਐਲਾਨ:** ਇਹ ਆਲ ਇੰਡੀਆ ਰੇਡਿਓ ਹੈ।ਸਾਡੇ ਵਿਗਿਆਨ ਲੜੀਵਾਰ "**ਟਿਕਾਊ ਵਿਕਾਸ- ਚਲਦੀ ਰਹੇ ਇਹ ਜਿੰਦਗ**" ਦੀਆਂ ਪੰਦਰਾਂ ਕੜੀਆਂ ਰਾਹੀਂ ਹੁਣ ਤੱਕ ਤੁਸੀਂ ਸੁਣ ਚੁੱਕੇ ਹੋ ਸਾਡੇ ਵਿਕਾਸ ਦੀ ਮੋਜੂਦਾ ਦਿਸ਼ਾ ਬਾਬਤ , ਇਸ ਦਿਸ਼ਾ ਕਾਰਨ ਕੁਦਰਤੀ ਸ੍ਰੋਤਾਂ ਨੂੰ ਹੋ ਰਹੇ ਨੁਕਸਾਨ ਬਾਬਤ ਤੇ ਕੁਦਰਤ ਨਾਲ ਇਕਸੁਰਤਾ ਵਾਲੇ ਵਿਕਾਸ ਵਾਸਤੇ ਦਿਸ਼ਾ ਬਦਲਾਅ ਕਰਨ ਦੀ ਲੋੜ ਬਾਬਤ! ਲਈ ਹੈ ਜਾਣਕਾਰੀ ਤੁਸੀਂ ਸ੍ਰੋਤਾਂ ਦੀ ਬਰਬਾਦੀ ਰੋਕਣ ਵਾਲੇ ਵਿਕਾਸ ਦੀ ਪਗ-ਡੰਡੀ ਦੀ, ਇਨ੍ਹਾਂ ਨਾਟਕਾਂ ਦੇ ਦੁਆਰਾ ।ਅੱਜ ਅਸੀਂ ਆਪਣੇ ਸ੍ਰੋਤਿਆਂ ਦੇ ਰੂਬਰੂ ਹੋ ਰਹੇ ਹਾਂ "**ਟਿਕਾਊ ਵਿਕਾਸ**" ਦੇ ਵੱਖ ਵੱਖ ਪਹਿਲੂਆਂ ਦੇ ਸੰਖੇਪ ਸਾਰ ਨੂੰ ਲੈ ਕੇ ਜਿਨ੍ਹਾਂ ਬਾਬਤ ਅਸੀਂ ਪਿਛਲੀਆਂ ਛੇ ਕੜੀਆਂ ਵਿੱਚ ਲੈ ਚੁੱਕੇ ਹਾਂ ਵਿਸਤ੍ਰਿਤ ਜਾਣਕਾਰੀ ! ਕਰਾਂਗੇ ਇੱਕ ਵਾਰ ਮੁੜ ਸਮੁੱਚੀ ਚਰਚਾ ਤੇ ਵਿਚਾਰ ਵਟਾਂਦਰਾ । ਅਸੀਂ ਇਹ ਵੀ ਪ੍ਰਬੰਧ ਕੀਤਾ ਹੈ ਕਿ ਮਾਹਰ ਤੁਹਾਡੇ ਵੱਲੋਂ ਉਠਾਏ ਪ੍ਰਸ਼ਨਾਂ ਦਾ ਉਤਰ ਦੇਣ ਤੇ ਤੁਹਾਡੇ ਸ਼ੰਕਿਆਂ ਦੀ ਨਵਿਰਤੀ ਕਰਨ ।ਆਲ ਇੰਡੀਆ ਰੇਡਿਓ ਵੱਲੋਂ ਵਿਗਿਆਨ-ਪ੍ਰਸਾਰ ਦੇ ਸਹਿਯੋਗ ਨਾਲ ਪੇਸ਼ ਹੈ, ਵਿਗਿਆਨ ਲੜੀਵਾਰ "**ਟਿਕਾਊ ਵਿਕਾਸ- ਚਲਦੀ ਰਹੇ ਇਹ ਜਿੰਦਗੀ**" ਦੀ 16ਵੀਂ ਕੜੀ ।

(ਸਿਰਲੇਖ ਗੀਤ ਦਾ ਸੰਗੀਤ ਟ੍ਰੈਕ ਮੁੜ ਸੁਣਾਇਆ ਜਾਵੇਗਾ)

**ਔਰਤ ਸੂਤਰਧਾਰ:** ਪਿਆਰੇ ਸ੍ਰੋਤਿਓ ……ਆਪ ਸਭ ਦਾ ਵਿਗਿਆਨ ਲੜੀਵਾਰ "**ਟਿਕਾਊ ਵਿਕਾਸ- ਚਲਦੀ ਰਹੇ ਇਹ ਜਿੰਦਗੀ**" ਦੀ ਸੋਲ੍ਹਵੀਂ ਕੜੀ ਵਿੱਚ ਨਿਘਾ ਸੁਆਗਤ ਹੈ ।ਜੀ ਆਇਆਂ ਨੂੰ ! "**ਟਿਕਾਊ ਵਿਕਾਸ**" ਵਾਕ-ਅੰਸ

ਹੀ ਅਜਿਹਾ ਹੈ ਕਿ ਸੁਣਦੇ ਸਾਰ ਹੀ ਸਾਡੇ ਕੰਨ ਖੜ੍ਹੇ ਹੋ ਜਾਂਦੇ ਹਨ ।ਘੁੰਮ ਜਾਂਦੇ ਨੇ ਸਾਡੀਆਂ ਅੱਖਾਂ ਅੱਗੇ ਵਿਕਾਸ ਦੇ ਮਾਡਲ ਦੇ ਦ੍ਰਿਸ਼, ਵਿਕਾਸ ਪ੍ਰਕਿਰਿਆਂਵਾਂ ਰਾਹੀਂ ਹੋ ਰਹੇ ਬਦਲਾਅ, ਪਲ-ਪਲ ਬਦਲਦੀ ਤਰਜੇ ਜ਼ਿੰਦਗੀ, ਖਪਤ ਸਭਿਆਚਾਰ, 'ਵਰਤੋ ਤੇ ਸੁੱਟੋ' ਦਾ ਹਥਿਆਰ, ਕਰ ਰਿਹਾ ਹੈ ਕੁਦਰਤ ਦਾ ਜੋ ਘਾਣ ! ਕੁਦਰਤ ਦੇ ਵਿਗੜੇ ਸੰਤੁਲਨ ਕਾਰਨ ਪੰਜਾਬ ਵਰਗੇ ਸੂਬੇ ਵਿੱਚ ਚੇਤ ਦੇ ਮੀਂਹ ਹਨੇਰੀ ਤੇ ਗੜਿਆਂ ਨਾਲ ਕਣਕਾਂ ਦੀ ਪਿਛੇ ਜਿਹੇ ਹੋਈ ਬਰਬਾਦੀ ਵੱਲ ਚਲਿਆ ਜਾਂਦਾ ਹੈ ਸਾਡਾ ਧਿਆਨ! ਇਸ ਕੁਦਰਤ ਵਿਰੋਧੀ ਵਿਕਾਸ ਕਾਰਨ ਕੁਦਰਤ ਦੇ ਸ੍ਰੋਤਾਂ ਦੇ ਅੰਧਾ - ਧੁੰਦ ਦੋਹਨ ਕਰਕੇ ਪੈਦਾ ਹੋਈ ਕੁਦਰਤੀ ਕਰੋਪੀ ਕਾਰਨ ਪੰਜਾਬ ਵਰਗੇ ਹਸਦੇ ਵੱਸਦੇ ਸੂਬੇ ਵਿੱਚ ਹੜ੍ਹਾਂ ਦਾ ਤੇ ਸੋਕਿਆਂ ( ਔੜ ਦਾ ) ਜਾਂ ਫਿਰ ਮਹਾਂਮਾਰੀਆਂ ਦਾ ਕਰੋਪ ਸਾਡੇ ਜਿਹਨ ਵਿੱਚ ਉਤਰ ਆਉਂਦਾ ਹੈ । ਸਾਡੇ ਸਾਹਮਣੇ ਹੈ ਤਸਵੀਰ ਇਸੇ ਸੌਣ ਵਿੱਚ ਸੋਕਿਆਂ ਦੀ !

**ਮਰਦ ਸੂਤਰਧਾਰ:** ਪੰਜਾਬ ਦੇ ਦਰਿਆ ਤੇ ਖੂਹ ਰਹੇ ਨੇ ਠੰਢੇ ਮਿਠੇ ਨਿਰਮਲ ਪਾਣੀਆਂ ਦੇ ਸੋਮੇ ! ਇਸਦੀ ਜ਼ਰਖੇਜ ਜ਼ਮੀਨ ਵਿੱਚ ਮੌਲਦੀਆਂ ਸਨ ਤਰ੍ਹਾਂ ਤਰ੍ਹਾਂ ਦੀਆਂ ਫਸਲਾਂ , ਕਣਕ ਮੱਕੀ ਜੁਆਰ ਬਾਜਰੇ ਮੂੰਗੀ ਮੋਠ ਮਾਂਹ ਤੇ ਛੋਲੇ ! ਗੂੰਜਦੇ ਸਨ ਗੀਤ ਬਾਜਰੇ ਦੇ ਸਿਟਿਆਂ ਦੇ , ਸੁਣਦੇ ਸਨ ਅਖਾਣ ਮਾਂਹ ਦੇ ਆਟੇ ਵਾਂਗ ਆਕੜ ਦੇ ! ਫਿਰ ਆਇਆ ਹਰਾ ਇਨਕਲਾਬ , ਮੁਲਕ ਦਾ ਅਮਨ ਦੀ ਥੁੜ ਵੱਲੋਂ ਖਹਿੜਾ ਛੁਡਾਉਣ ਦੇ ਵਾਸਤੇ ! ਭਰ ਦਿੱਤਾ ਪੇਟ ਪੂਰੇ ਮੁਲਕ ਦਾ, ਕਰ ਦਿੱਤਾ ਸਿਰ ਉਚਾ ਸਾਡੇ ਭਾਰਤ ਦਾ।ਇਸਦੀ ਠੰਢੀ-ਠੰਢੀ ਰੁਮਕਦੀ ਪੌਣ, ਤੱਤੀਆਂ ਲੂਆਂ ਤੇ ਸਾਫ ਵਾਤਾਵਰਣ ਇਸ ਦੇ ਵਸਿੰਦਿਆਂ ਲਈ ਰਹੀਆਂ ਨੇ ਕੁਦਰਤੀ ਦਾਤਾਂ ਤੇ ਸੁਗਾਤਾਂ ।

**ਔਰਤ ਸੂਤਰਧਾਰ:** ਬੰਦ ਹੋ ਗਏ ਖੂਹ ਤੇ ਪੂਰ ਦਿੱਤੇ ਗਏ ਟੋਬੇ ਵੀ ! ਵੱਢ ਸੁਟੇ ਜੰਗਲ ਤੇ ਕਰ ਦਿੱਤੀ ਧਰਤੀ ਘੋਨ ਮੋਨ ਇਸ ਹਰੇ ਇਨਕਲਾਬ ਨੇ ! ਧਰਤੀ ਕਰ ਦਿੱਤੀ ਛਲਣੀ ਡੂੰਘੇ ਬੋਰਾਂ ਦੇ ਨਾਲ, ਪੰਦਰਾਂ ਲੱਖ ਟਿਊਬਵੈੱਲਾਂ ਵਿੱਚੋਂ 1.71 ਲੱਖ ਨੇ ਡੀਜ਼ਲ ਨਾਲ ਚੱਲਣ ਵਾਲੇ ਵੀ !

**ਮਰਦ ਸੂਤਰਧਾਰ:** ਪੈਦਾ ਹੋ ਗਿਆ ਇੱਕ ਨਵਾਂ ਸਭਿਆਚਾਰ, ਸੁਰੂ ਹੋ ਗਿਆ ਨਿਜੀ ਕਾਰਾਂ ਦਾ ਸਿਲਸਲਾ ਵੱਡੇ ਪੱਧਰ ਤੇ 80ਵਿਆਂ ਦੇ ਵਿੱਚ ਮੱਧ ਵਰਗੀ ਵਪਾਰੀਆਂ, ਨੌਕਰੀ ਪੇਸ਼ਾ ਤੇ ਧਨਾਡ ਕਿਸਾਨਾਂ ਨੇ ਲੈਣੀਆਂ ਸੁਰੂ ਕਰ ਦਿੱਤੀਆਂ ਮਾਰੁਤੀਆਂ ! ਹੁਣ ਆ ਗਈਆਂ ਐਸ ਯੂ ਵੀਆਂ !

**ਔਰਤ ਸੂਤਰਧਾਰ:** ਹਾਂ ਜੀ ! ਇਨ੍ਹਾਂ ਨਿਜੀ ਕਾਰਾਂ ਨਾਲ ਸੁਰੂ ਹੋ ਗਈ ਖਪਤ ਪੈਟਰੋਲ ਤੇ ਡੀਜ਼ਲ ਦੀ ਬੇ ਹਿਸਾਬ , ਫੈਲਣ ਲੱਗਿਆਂ ਧੂੰਆਂ ਤੇ ਧੂੜ , ਬਣ ਗਈ ਸਮੋਗ , ਵੱਧ ਗਏ ਸੜਕੀ ਹਾਦਸੇ ਵੀ !

**ਮਰਦ ਸੂਤਰਧਾਰ:**ਹੋਣ ਲੱਗੀ ਡੀਜ਼ਲ ਦੀ ਕਮੀ ਵੀ ਤੇ ਪੈਟਰੋਲ ਪੰਪਾਂ ਉਰ ਲੱਗਣ ਲੱਗੀਆਂ ਲੰਮੀਆਂ ਲਾਈਨਾਂ !

**ਔਰਤ ਸੂਤਰਧਾਰ:** ਸਰਵਜਨਕ ਵਾਹਨਾਂ ਦੀ ਥਾਂ ਮੱਧ ਵਰਗੀ ਤੇ ਨਵ ਅਮੀਰਾਂ ਨੇ ਸੁਰੂ ਕਰ ਦਿੱਤਾ ਸਫਰ ਨਿਜੀ ਕਾਰਾਂ ਰਾਹੀਂ !

**ਮਰਦ ਸੂਤਰਧਾਰ:** ਸਰਵ ਜਨਕ ਵਾਹਣਾਂ ਦੀ ਹੋ ਗਈ ਹੋਰ ਵੀ ਮੰਦੀ ਹਾਲਤ ਜਿਸ ਕਾਰਨ ਨਿਜੀ ਵਾਹਣਾਂ ਵੱਲ ਨੂੰ ਵਧਦਾ ਗਿਆ ਰੁਝਾਨ ਵੀ !

**ਔਰਤ ਸੂਤਰਧਾਰ:** ਕਾਰ ਵਿੱਚ ਇਕੱਠੇ ਹੋ ਕੇ ਯਾਤਰਾਂ ਕਰਨ ਦੀ ਕੋਈ ਬਹੁਤੀ ਨਹੀਂ ਪਈ ਅਜੇ ਰਵਾਇਤ !

**ਮਰਦ ਸੂਤਰਧਾਰ:** ਇਨ੍ਹਾਂ ਨਿਜੀ ਕਾਰਾਂ ਦੇ ਧੂੰਏ ਤੇ ਕਣਾਂ ਨੇ ਕਰ ਦਿੱਤਾ ਪਰਿਆਵਰਣ ਦਾ ਵੀ ਘਾਣ !

**ਔਰਤ ਸੂਤਰਧਾਰ:** ਇਨ੍ਹਾਂ ਵਾਹਣਾਂ ਵਿੱਚੋਂ ਨਿਕਲਦੀਆਂ ਕਾਰਬਨੀ ਗੈਸਾਂ ਨੇ ਪੈਦਾ ਕਰ ਦਿੱਤਾ ਹਰਿਤ ਘਰ ਪ੍ਰਭਾਵ ! ਵੱਧ ਗਈ ਤਪਸ਼ , ਲੋੜ ਪੈ ਗਈ ਜਿਆਦਾ ਤੋਂ ਜਿਆਦਾ ਸ਼ਕਤੀਸ਼ਾਲੀ ਏ ਸੀਆਂ ਵਾਲੀਆਂ ਕਾਰਾਂ ਦੀ !

**ਮਰਦ ਸੂਤਰਧਾਰ:** ਹਾਂ ! ਇਸ ਨਾਲ ਹੋਰ ਗੈਸਾਂ ਤੇ ਹੋਰ ਗਰਮੀ ! ਚੱਲ ਪਿਆ ਇੱਕ ਚੱਕਰ ਜਿਹਾ ਪਰਿਆਵਰਣ ਦੀ ਦੂਸ਼ਿਤਾ ਤੇ ਆਲਮੀ ਤਪਸ ਤੇ ਖਪਤ ਦਾ !

**ਔਰਤ ਸੂਤਰਧਾਰ:**ਕਹਾਣੀ ਸੀ ਸੁਣੀ ਕਿ ਕਿਵੇਂ ਦਿੱਲੀ ਦਾ ਇੱਕ ਵਾਸੀ ਹਰ ਰੋਜ ਧੂੰਆਂ ਪੀਂਦਾ ਹੈ ਇਨ੍ਹਾਂ ਵਾਹਣਾਂ ਦਾ ਜੋ ਹੈ ਦਸ ਗਿਰਟਾਂ ਦੇ ਬਰਾਬਰ।

**ਮਰਦ ਸੂਤਰਧਾਰ:** ਹਾਂ ਜੀ ! ਦਿੱਲੀ ਵਿੱਚ ਤਾਂ 2002 ਤੋਂ 2012 ਦੇ ਇੱਕ ਦਹਾਕੇ ਵਿੱਚ ਹੀ ਕਰੀਬ ਦੁਗਣੀਆਂ ਹੋ ਗਈਆਂ ਨਿਜੀ ਕਾਰਾਂ 97% ਦੇ ਵਾਧੇ ਦੇ ਨਾਲ !

**ਔਰਤ ਸੂਤਰਧਾਰ:** ਸੀ ਐਂ ਜੀ ਦੀ ਵਰਤੋਂ ਨਾਲ ਵੀ ਪ੍ਰਦੂਸ਼ਣ ਗੱਟ ਹੁੰਦਾ ਹੈ ! ਦਿੱਲੀ ਦੇ ਕੁੱਲ ਪ੍ਰਦੂਸ਼ਣ ਦਾ 10% ਹੈ ਸੀ ਐਨ ਜੀ ਵਾਹਣਾਂ ਕਰਕੇ !

**ਮਰਦ ਸੂਤਰਧਾਰ:** ਊਰਜਾ ਦਾ ਸ੍ਰੋਤ ਤਾਂ ਇਸ ਜੱਗ ਵਿੱਚ ਹੈ ਕੇਵਲ ਸੂਰਜ ਹੀ , ਪਰ ਪਥਰਾਹਟੀ ਬਾਲਣ ਜੋ ਇਸੇ ਸੂਰਜੀ ਊਰਜਾ ਦੇ ਸਦੀਆਂ ਪੁਰਾਣੇ ਅਵਸ਼ੇਸ਼ਾਂ ਤੋਂ ਬਣਿਆ ਹੈ ਅੱਜ ਦੇ ਯੁਗ ਵਿੱਚ ਕਰ ਰਿਹਾ ਹੈ ਸੱਭ ਤੋਂ ਵੱਧ ਪ੍ਰਦੂਸਣ !

**ਔਰਤ ਸੂਤਰਧਾਰ:** ਹਾਂ ! ਹਾਂ ਸੰਸਾਰ ਦੇ 20% ਲੋਕਾਂ ਦੀ ਪਹੁੰਚ ਤੋਂ ਬਾਹਰ ਹੈ ਬਿਜਲੀ ਉਹ ਬਾਲਦੇ ਨੇ ਮਿੱਟੀ ਦਾ ਤੇਲ ਹੀ , ਜਿਸਦੀ ਇਨ੍ਹਾਂ ਵੱਲੋਂ ਹਰ ਰੋਜ ਕੀਤੀ ਜਾਂਦੀ ਖਪਤ ਹੈ 7700 ਕਰੋੜ ਲੀਟਰ !

**ਮਰਦ ਸੂਤਰਧਾਰ:** ਆਹੋ ਜੀ ! ਲੰਦਨ ਵਿੱਚ ਵੀ 1952 ਦੀ ਗ੍ਰੇਟ ਫਾਗ ਤੇ ਪੈਰਿਸ ਵਿੱਚ ਨਿਜੀ ਵਾਹਣਾਂ ਦਾ ਧੂੰਆਂ ਘਟਾਉਣ ਵਾਸਤੇ ਟੌਂਕ ਜਿਸਤ ਨੰਬਰ ਸੁਰੂ ਕੀਤੇ ਗਏ !

**ਔਰਤ ਸੂਤਰਧਾਰ:** ਇਸ ਟੌਂਕ ਜਿਸਤ ਨੰਬਰ ਨਾਲ ਮਹਾਂ ਨਗਰਾਂ ਵਿੱਚ ਬਹੁਤ ਸਾਰੀਆਂ ਛੋਟਾਂ ਦੇ ਕੇ ਵੀ ਕਿਸੇ ਵੀ ਦਿਨ ਗੱਡੀਆਂ ਦੀ ਸੜਕਾਂ ਤੇ ਤਾਦਾਦ 30% ਤਾਂ ਘਟ ਹੀ ਜਾਵੇਗੀ !

**ਮਰਦ ਸੂਤਰਧਾਰ:** ਨਾਲੇ ਡੀਜ਼ਲ ਦੀਆਂ ਕਾਰਾਂ ਹੀ ਜਿਆਦਾ ਨਾਈਟਰੋਜਨ ਡਾਈ ਅਕਸਾਈਡ ਛੱਡਦੀਆਂ ਨੇ !

**ਔਰਤ ਸੂਤਰਧਾਰ:** ਧੁੰਦ ਦਾ ਕਾਰਨ ਵਿਗਿਆਨੀ ਦਸਦੇ ਨੇ ਕਿ ਇਹ ਬਣਦੀ ਹੈ, ਸੂਰਜ ਦੀ ਰੌਸ਼ਨੀ ਵਿੱਚ ਨਾਈਟ੍ਰੋਜਨ ਆਕਸਾਈਡ ਤੇ ਵਾਯੂਮੰਡਲ ਵਿੱਚਲੇ ਕਾਰਬਨੀ ਪਦਾਰਥਾਂ ਵਿੱਚ ਹੋਣ ਵਾਲੀ ਰਸਾਇਣਿਕ ਕਿਰਿਆ ਨਾਲ ਪੈਦਾ ਹੋਣ ਵਾਲੇ ਕਣਾਂ ਤੇ ਧਰਤੀ ਦੇ ਨੇੜੇ ਦੀ ਓਜ਼ੋਨ ਗੈਸ ਦੇ ਨਾਲ।

**ਮਰਦ ਸੂਤਰਧਾਰ:** ਹਾਂ ਜੀ ! ਇਹ ਪ੍ਰਾਇਮਰੀ ਪ੍ਰਦੂਸ਼ਣ ਕਰਤਾ ਨੇ (ਨਾਈਟਰੋਜਨ ਡਾਈ ਅਕਸਾਈਡ ਤੇ ਕਾਰਬਨੀ ਪਦਾਰਥ ) ਤੇ ਸੈਕੰਡਰੀ ਪ੍ਰਦੂਸਣ ਕਰਤਾ ਹੈ ਓਜ਼ੋਨ !

**ਔਰਤ ਸੂਤਰਧਾਰ:** ਗੱਲ ਕੀ ਪਥਰਾਹਟੀ ਬਾਲਣਾਂ ਦੀ ਖਪਤ ਘਟਾ ਕੇ ਤੇ ਨਿਜੀ ਵਾਹਣਾਂ ਦੀ ਥਾਂ ਚੁਸਤ ਦਰੁਸਤ ਸਰਵ ਜਨਕ ਵਾਹਣ ਪ੍ਰਣਾਲੀ ਇਸ ਪ੍ਰਦੂਸ਼ਣ ਨੂੰ ਕਾਫੀ ਹੱਦ ਤੱਕ ਨੱਥ ਪਾ ਸਕਦੀ ਹੈ ।

**ਮਰਦ ਸੂਤਰਧਾਰ:** ਟਿਕਾਊ ਵਿਕਾਸ ਦੇ ਲਈ ਹਾਲ ਦੀ ਘੜੀ ਕਾਰਾਂ ਦੀ ਪੂਲਿੰਗ ਤੇ ਆਡ ਈਵਨ ਜਾ ਟੌਂਕ ਜਿਸਤ ਵਰਗੇ ਸੂਤਰ ਵੀ ਮਦਦਗਾਰ ਸਕਦੇ ਨੇ ਹੋ !

**ਔਰਤ ਸੂਤਰਧਾਰ:** ਜੈਵਿਕ ਈਂਧਨ ਹੀ ਤਾਂ ਨੇ ਭਾਰੂ ਊਰਜਾ ਦੇ ਸ੍ਰੋਤਾਂ ਵੱਜੋਂ ਸਾਡੇ ਦੈਨਿਕ ਜੀਵਣ ਵਿੱਚ !

**ਮਰਦ ਸੂਤਰਧਾਰ:** ਵੇਖੋ ਜੀ ! ਜੈਵਿਕ ਈਂਧਨਾਂ ਵਿੱਚ ਤਿੰਨ ਕਿਸਮਾਂ ਨੇ ਮੁੱਖ ਕੋਲਾ, ਪੈਟਰੋਲ/ ਤੇਲ ਤੇ ਗੈਸ ! ਇਨ੍ਹਾਂ ਨਾਲ ਹੀ ਚਲਦੇ ਨੇ ਸੜਕੀ ਵਾਹਣ , ਬਹੁਤੇ ਤਾਪ ਬਿਜਲੀ ਘਰ ਤੇ ਬਹੁਤ ਸਾਰੇ ਘਰਾਂ ਦਾ ਚਾਨਣ ਤੇ ਚੁਲ੍ਹਾ ਵੀ ਨਿਰਭਰ ਹੈ ਇਨ੍ਹਾਂ 'ਤੇ ਹੀ !

**ਔਰਤ ਸੂਤਰਧਾਰ:** ਪਰਿਆਵਰਨ ਨੂੰ ਵਿਗਾੜਣ ਵਿੱਚ ਵੀ ਤਾਂ ਇਹੀ ਪਥਰਾਹਟੀ ਬਾਲਣ ਨੇ ਬਹੁਤ ਹੱਦ ਤੱਕ ਜਿੰਮੇਵਾਰ!

**ਮਰਦ ਸੂਤਰਧਾਰ:** ਹਾਂ ਜੀ ! ਇਹੀ ਤਾਂ ਕਹਾਉਂਦੇ ਨੇ ਜੈਵਿਕ ਈਂਧਣ ਕਿਉਂ ਜੋ ਬਣੇ ਨੇ ਇਹ ਕਰੋੜਾਂ ਸਾਲ ਪਹਿਲਾਂ ਧਰਤੀ ਦੇ ਗਰਭ ਵਿੱਚ ਦਬੀਆਂ ਬਨਸਪਤੀਆਂ ਤੇ ਜੀਵਾਂ ਦੇ ਅਵਸ਼ੇਸ਼ਾਂ ਤੋਂ !

**ਔਰਤ ਸੂਤਰਧਾਰ:** ਆਹੋ ਜੀ ਇਨ੍ਹਾਂ ਵਿੱਚ ਪ੍ਰਮੁੱਖ ਹੈ ਪੈਟਰੋਲ, ਜੋ ਮਿਲਿਆ ਸੀ ਤਰਲ ਦੇ ਰੂਪ ਵਿੱਚ ਚਟਾਨਾਂ ਦੇ ਅੰਦਰ ! ਕੱਢਿਆ ਸੀ ਜਿਸਨੂੰ ਦੋ ਖਬਤੀ ਦੋਸਤਾਂ ਨੇ ਚਟਾਨ ਵਿੱਚ ਬੋਰ ਕਰਕੇ ਆਪਣੇ ਪੁਰਾਣੇ ਜਿਹੇ ਇੰਜਣ ਦੀ ਮਦਦ ਨਾਲ !

**ਮਰਦ ਸੂਤਰਧਾਰ:** ਚਟਾਨਾਂ ਵਿੱਚੋਂ ਨਿਕਲਣ ਵਾਲੇ ਤਰਲ ਕਾਰਨ ਹੀ ਤਾਂ ਇਸਦਾ ਨਾਮ ਪਿਆ ਪੈਟਰੋਲੀਅਮ, ਲਾਤੀਨੀ ਭਾਸ਼ਾ ਵਿੱਚ ਪੈਟਰੋ ਭਾਵ ਚਟਾਨ ਤੇ ਓਲੀਅਮ ਭਾਵ ਤੇਲ ਹੁੰਦਾ ਹੈ !

**ਔਰਤ ਸੂਤਰਧਾਰ:** ਹੁਣ ਤਾਂ ਇਨ੍ਹਾਂ ਤੋਂ ਮਿਲਦੇ ਨੇ ਕਰੀਬ 7500 ਉਤਪਾਦ ! ਪਰ ਇਸਦੇ ਭੰਡਾਰਾਂ ਦੀ ਹੈ ਸੀਮਾ , ਇਹ ਸ੍ਰੋਤ ਨਵਿਆਉਣਯੋਗ ਨਹੀਂ !

**ਮਰਦ ਸੂਤਰਧਾਰ:** ਵੈਸੇ ਵੀ ਕਰਦੇ ਨੇ ਬਹੁਤ ਸਾਰਾ ਪ੍ਰਦੂਸ਼ਣ , ਲੋੜ ਹੈ ਇਨ੍ਹਾਂ ਦੀ ਵਰਤੋਂ ਸਾਵਧਾਨੀ ਤੇ ਕਫਾਇਤ ਨਾਲ ਕਰਨ ਦੀ !

**ਔਰਤ ਸੂਤਰਧਾਰ:** ਹਾਂ ਜੀ ! ਕੋਲੇ ਦੇ ਬਲਣ ਨਾਲ ਇਸ ਵਿਚੋਂ ਨਿਕਲਦੀ ਹੈ ਕਾਰਬਨ ਡਾਈਆਕਸਾਈਡ, ਸਲਫਰ ਡਾਈਆਕਸਾਈਡ ਤੇ ਨਾਈਟਰੋਜਨ ਦੇ ਆਕਸਾਈਡ! ਇਹੀ ਨੇ ਓਜ਼ੋਨ ਪ੍ਰਦੂਸ਼ਣ ਤੇ ਤੇਜ਼ਾਬੀ ਮੀਂਹ ਦਾ ਕਾਰਨ ਵੀ!

**ਮਰਦ ਸੂਤਰਧਾਰ:** ਪਰ ਕੁਦਰਤੀ ਗੈਸ ਵੀ ਹੈ ਪਥਰਾਹਟੀ ਬਾਲਣ ਤਾਂ ਤੇ ਹੈ ਇਹ ਵੀ ਜੈਵਿਕ ਈਂਧਣ ਹੀ ! ਇਸ ਦੇ ਬਲਣ ਨਾਲ ਹੋਣ ਵਾਲੇ ਕਾਰਬਨ ਉਤਸਰਜਨ ਦੀ ਮਾਤਰਾ ਹੁੰਦੀ ਹੈ ਕਾਫੀ ਘੱਟ ਤੇਲ ਤੇ ਕੋਲੇ ਦੇ ਬਨਿਸਬਤ !

**ਔਰਤ ਸੂਤਰਧਾਰ:** ਇਸੇ ਕਰਕੇ ਤਾਂ ਡੀਜਲ ਵਾਹਣਾਂ ਦੀ ਥਾਂ ਸੀ ਐਨ ਜੀ ਵਾਹਣਾਂ ਤੇ ਦਿੱਤਾ ਜਾਂਦਾ ਹੈ ਜੋਰ !

**ਮਰਦ ਸੂਤਰਧਾਰ:** ਹਾਂ ਤੇਲ ਤੇ ਕੋਲਾ ਕਢਣ ਦੇ ਅਮਲ ਵਿੱਚ ਬਹੁਤ ਸਾਰੇ ਕੁਦਰਤੀ ਠਿਕਾਣੇ ਹੀ ਹੋ ਜਾਂਦੇ ਨੇ ਨਸ਼ਟ , ਨਾਲੇ ਤੇਲ ਰਿਸਾਵ ਨਾਲ ਸਮੁੰਦਰੀ ਜਨ ਜੀਵਣ ਨੂੰ ਪੈਦਾ ਹੁੰਦਾ ਹੈ ਬੇਹਿਸਾਬ ਖਤਰਾ !

**ਔਰਤ ਸੂਤਰਧਾਰ:** ਸੀ ਐਨ ਜੀ ਜਾ ਕੰਪਰੈਸਡ ਨੈਚੂਰਲ ਗੈਸ ਨਾਲ ਹੁੰਦਾ ਹੈ ਪ੍ਰਦੂਸ਼ਣ ਘੱਟ! ਵਰਤੋਂ ਹੋ ਰਹੀ ਹੈ ਇਸ ਦੀ ਤਾਪ ਬਿਜਲੀ ਘਰਾਂ ਵਿੱਚ ਵੀ ਕੋਲੇ ਦੀ ਥਾਂ !

**ਮਰਦ ਸੂਤਰਧਾਰ:** ਇਸੇ ਇਸੇ ਤਰ੍ਹਾਂ ਰਸੋਈ ਗੈਸ ਐਲ ਪੀ ਜੀ ( ਲਿਕੀਫਾਈਡ ਪੈਟਰੋਲੀਅਮ ਗੈਸ ) ਨੇ ਵੀ ਕਾਇਆ ਕਲਪ ਕਰ ਦਿੱਤੀ ਹੈ ਰਸੋਈ ਦੀ !

**ਔਰਤ ਸੂਤਰਧਾਰ:** ਤੇ ਔਰਤਾਂ ਦੀ ਸਿਹਤ ਤੇ ਪੈਂਦੇ ਧੂੰਏ ਦੇ ਦੁਰ ਪ੍ਰਭਾਵ ਤੋਂ ਵੀ ਦਿਵਾਈ ਹੈ ਮੁਕਤੀ ।ਔਰਤਾਂ ਵਿੱਚ ਅੱਖਾਂ ਦੇ ਕੁੱਕਰੇ , ਸਾਂਹ ਦੀਆਂ ਬੀਮਾਰੀਆਂ ਤੇ ਪਿਆ ਹੈ ਕਾਬੂ !

**ਮਰਦ ਸੂਤਰਧਾਰ:** ਪਰ ਲੋੜ ਹੈ ਇਸ ਦੀ ਵਰਤੋਂ ਵਿੱਚ ਵੀ ਕਿਫਾਇਤ ਦੀ ! ਇਸ ਕਰਕੇ ਪੈਟਰੋਲ ਬਚਾਓ ਤੇ ਖੋਜ ਸੰਸਥਾ (ਪੈਟਰੋਲੀਅਮ ਕੰਜ਼ਰਵੇਸ਼ਨ ਤੇ ਰਿਸਰਚ ਐਸੋਸੀਏਸ਼ਨ) ਰਸੋਈ ਦੀ ਗੈਸ ਦੀ ਵਰਤੋਂ ਵਿੱਚ ਕਿਫਾਇਤ ਬਾਬਤ ਕਰਦੀ ਹੈ ਪ੍ਰਚਾਰ !

**ਔਰਤ ਸੂਤਰਧਾਰ:** ਇਸੇ ਕਰਕੇ ਇਹ ਦਸਦੇ ਨੇ ਕਿ ਫਰਿਜ ਵਿਚੋਂ ਭੋਜਨ ਪਦਾਰਥ ਕੱਢ ਕੇ ਕੁੱਝ ਦੇਰ ਬਾਹਰ ਰੱਖ ਦੇਣ ਨਾਲ , ਖਾਣਾ ਢੱਕ ਕੇ ਪਕਾਓਣ ਨਾਲ , ਪਾਣੀ ਉਬਲਣ ਲੱਗਣ ਤੇ ਗੈਸ ਧੀਮੀ  ਕਰ ਦੇਣ ਨਾਲ ਤੇ ਚਪਟੇ ਤਲੇ ਵਾਲੇ ਬਰਤਨਾਂ ਵਿੱਚ ਭੋਜਨ ਪਕਾਉਣ ਨਾਲ ਹੁੰਦੀ ਹੈ ਬੱਚਤ ਗੈਸ ਦੀ !

**ਮਰਦ ਸੂਤਰਧਾਰ:** ਨਾਲੇ ਪੁੰਨ ਨਾਲੇ ਫਲੀਆਂ ! ਗੈਸ ਦੀ ਬੱਚਤ ਨਾਲ ਪੈਸੇ ਦੀ ਬੱਚਤ ਤੇ ਪਰਿਆਵਰਣ ਦਾ ਵੀ ਬਚਾਓ !

**ਔਰਤ ਸੂਤਰਧਾਰ:** ਕੈਰੋਸੀਨ ਆਇਲ ਜਾ ਮਿੱਟੀ ਦਾ ਤੇਲ ਵੀ ਹੁੰਦਾ ਹੈ ਰੰਗਹੀਣ ਪਰ ਇਸ ਦੀ ਮਿਲਾਵਟ ਡੀਜ਼ਲ , ਪੈਟਰੋਲ ਵਿੱਚ ਰੋਕਣ ਵਾਸਤੇ ਇਸ ਵਿੱਚ ਨੀਲਾ ਰੰਗ ਮਿਲਾ ਦਿੱਤਾ ਜਾਂਦਾ ਹੈ ।ਪੈਟਰੋਲ ਨੂੰ ਨਾਰੰਗੀ ਤੇ ਡੀਜ਼ਲ ਨੂੰ ਦਿੱਤਾ ਜਾਂਦਾ ਹੈ ਪੀਲਾ ਰੰਗ !

**ਮਰਦ ਸੂਤਰਧਾਰ:** ਪੈਟਰੋਲ ਨੂੰ ਗੈਸੋਲੀਨ, ਮੋਟਰ ਸਪਿਰਟ ਜਾਂ ਬੈਂਜ਼ੀਨ ਵੀ ਕਿਹਾ ਜਾਂਦਾ ਹੈ !

**ਔਰਤ ਸੂਤਰਧਾਰ:**ਪੈਟਰੋਲ ਤੇ ਡੀਜ਼ਲ ਦੀ ਵਰਤੋਂ ਘਟਾਉਣ ਵਿੱਚ ਵਾਹਣਾਂ ਦੀ ਰਫਤਾਰ ਦਾ ਵੀ ਬਹੁਤ ਯੋਗਦਾਨ ਹੈ ! ਬਹੁਤ ਤੇਜ ਤੇ ਬਹੁਤ ਹੌਲੀ ਚਲਦੇ ਵਾਹਣ ਜਿਆਦਾ ਖਪਤ ਕਰਦੇ ਨੇ ਈਂਧਣ ਦੀ !

**ਮਰਦ ਸੂਤਰਧਾਰ:** ਈਂਧਣ ਦੀ ਖਪਤ ਡਰਾਇਵਰ ਦੇ ਸੁਭਾਓ ਤੇ ਵੀ ਨਿਰਭਰ ਹੈ ।ਇਕ ਸਧਾ ਹੋਇਆ ਡਰਾਈਵਰ ਸੌ ਕਿਲੋਮੀਟਰ ਦੇ ਲਈ 10.45 ਲੀਟਰ ਤੇਲ ਖਰਚ ਕਰਦਾ ਹੈ, ਇਕ ਮਧਿਅਮ ਡਰਾਈਵਰ 12.51 ਲੀਟਰ ਪਰ ਤੇਜ਼ ਗਤੀਵਾਲਾ ਡਰਾਈਵਰ ਫੁਕ ਦਿੰਦਾ ਹੈ 15.86 ਲੀਟਰ !

**ਔਰਤ ਸੂਤਰਧਾਰ:** ਆਹੋ ਜੀ ! ਅਧਿਅਨ ਤਾਂ ਇਹ ਵੀ ਦਸਦੇ ਨੇ ਕਿ 40 ਕਿਲੋਮੀਟਰ ਪ੍ਰਤੀ ਘੰਟੇ ਦੀ ਗਤੀ ਨਾਲ 500 ਕਿਲੋਮੀਟਰਦੇ ਲਈ ਜੇ 100 ਲੀਟਰ ਡੀਜ਼ਲ ਲੱਗਦਾ ਹੈ ਤਾਂ 80 ਕਿ.ਮੀ.ਦੀ ਰਫਤਾਰ ਨਾਲ 197 ਲੀਟਰ ਡੀਜ਼ਲ  ਦੀ ਲੋੜ ਪਵੇਗੀ !

**ਮਰਦ ਸੂਤਰਧਾਰ:** ਫਰਨੇਸ ਆਇਲ ਦੀ ਵਿਵੇਕ ਨਾਲ  ਵਰਤੋਂ ਬਚਾ ਸਕਦੀ ਹੈ 3300 ਕਰੋੜ ਸਾਲਾਨਾ ਦਾ ਈਂਧਣ!

**ਔਰਤ ਸੂਤਰਧਾਰ:** ਘਰਾਂ ਤੇ ਹਲਵਾਈਆਂ ਦੁਆਰਾ ਜੇ ਵੱਡੀ ਟੈਂਕੀ ਤੇ ਨਵੇਂ ਆਧੁਨਿਕ ਬਰਨਰਾਂ ਵਾਲੇ ਸਟੋਵਾਂ ਦੀ ਵਰਤੋਂ ਕੀਤੀ ਜਾਵੇ ਤਾਂ ਈਂਧਨ ਦੀ ਬਹੁਤ ਬੱਚਤ ਹੁੰਦੀ ਹੈ ਤੇ ਪਰਿਆਵਰਣੀ ਨੁਕਸਾਨ ਵੀ ਘੱਟ ਜਾਂਦਾ ਹੈ !

**ਮਰਦ ਸੂਤਰਧਾਰ:** ਮੌਸਮ ਦੇ ਪੂਰਵ ਅਨੁਮਾਨ ਲਗਾ ਕੇ ਹਵਾਈ ਜਹਾਜਾਂ ਦੇ ਬੇਲੋੜੇ ਉਤਰਨ ਨੂੰ ਰੋਕ ਕੇ ਅਸੀਂ ਤੇਲ ਬਚਾ ਕੇ ਵਿਦੇਸ਼ੀ ਮੁਦਰਾ ਬਚਾ ਸਕਦੇ ਹਾਂ ਤੇ ਪਰਿਆਵਰਣ ਨੂੰ ਹੋਣ ਵਾਲੇ ਨੁਕਸਾਨ ਤੇ ਵੀ ਰੋਕ ਲੱਗ ਸਕਦੀ ਹੈ !

…………**ਦ੍ਰਿਸ਼ ਬਦਲਾਅ ਸੰਗੀਤ** …………

**ਦ੍ਰਿਸ਼ -2**

**ਮਰਦ ਸੂਤਰਧਾਰ:** ਉਦਯੋਗਿਕ ਵਿਕਾਸ ਤੇ ਸ਼ਹਿਰੀਕਰਨ ਨੇ ਵਧਾ ਦਿੱਤੀ ਮੰਗ ਬਿਜਲੀ ਦੀ ! ਬਿਜਲੀ ਵਿੱਚ ਭਾਰਤ ਦਾ ਪਿਛਲੇ ਸਾਲ 304 ਗੀਗਾ ਵਾਟ ਬਿਜਲੀ ਪੈਦਾ ਕਰਨ ਨਾਲ ਹੋ ਗਿਆ ਪੰਜਵਾਂ ਸਥਾਨ ! ਇਸ ਵਿੱਚੋਂ ਕਾਫੀ ਪੈਦਾ ਕੀਤੀ ਹੈ  ਪਥਰਾਹਟੀ ਬਾਲਣਾਂ ਨਾਲ !

**ਔਰਤ ਸੂਤਰਧਾਰ:** ਪਥਰਾਹਟੀ ਬਾਲਣਾਂ ਦੇ ਪਰਿਆਵਰਣ ਨੂੰ ਦੂਸ਼ਿਤ ਕਰਨ ਦੇ ਪ੍ਰਭਾਵਾਂ ਤੋਂ ਬਚਣ ਵਾਸਤੇ ਅਸੀਂ ਅਪਣਾ ਰਹੇ ਹਾਂ ਨਵਿਆਉਣਯੋਗ ਊਰਜਾ ।ਇਸ ਵਕਤ ਇਸਦਾ ਹਿੱਸਾ ਹੈ 19.2% !

**ਮਰਦ ਸੂਤਰਧਾਰ:** ਸਾਡੇ ਦੇਸ ਵਿੱਚ ਵੀ ਨਵਿਆਉਣਯੋਗ ਊਰਜਾ 44.812 ਗੀਗਾ ਵਾਟ ਹੈ ਜੋ ਹੈ ਕੁੱਲ ਊਰਜਾ ਦਾ ਹੈ 14.7% । ਇਸ ਵਿੱਚ ਸੌਰ ਊਰਜਾ ਤੇ ਪੌਣ ਊਰਜਾ ਸਮੇਤ ਹੋਰ ਸ੍ਰੋਤ ਵੀ ਨੇ ਸ਼ਾਮਲ ! ਸਾਲ 2022 ਤੱਕ ਇਸ ਨੂੰ 175 ਗੀਗਾ ਵਾਟ ਕਰਨ ਦਾ ਹੈ ਟੀਚਾ !

**ਔਰਤ ਸੂਤਰਧਾਰ:** ਹਾਂ ਜੀ ਜਵਾਰਭਾਟੇ ਤੋਂ, ਭੂ-ਤਾਪ ਤੋਂ ਤੇ ਜੈਵਿਕ ਰਹਿੰਦ-ਖੂੰਹਦ ਤੋਂ ਜਿਵੇਂ ਪੰਜਾਬ ਵਿਚ ਪਰਾਲੀ ਤੋਂ ਬਣਦੀ ਹੈ ਊਰਜਾ! ਸੌਰ ਊਰਜਾ ਵਿੱਚ ਸਾਡਾ ਸਥਾਨ ਤੀਜਾ ਹੈ ਤੇ ਪੌਣ ਊਰਜਾ ਵਿੱਚ ਚੌਥਾ ! ਅਸੀਂ ਸਵੱਛ ਊਰਜਾ ਦੇਣ ਦੇ ਯਤਨਾਂ ਵਿੱਚ ਲੱਗੇ ਜੋ ਹਾਂ!

**ਮਰਦ ਸੂਤਰਧਾਰ:** ਪਥਰਾਹਟੀ ਬਾਲਣਾਂ ਵੱਲੋਂ ਪੈਦਾ ਹੋ ਰਹੇ ਪਰਿਆਵਰਣੀ ਦੂਸ਼ਣ ਕਾਰਨ ਹਰਿਤ ਘਰ ਪ੍ਰਭਾਵ ਨਾਲ ਆਲਮੀ ਤਪਸ਼ ਤੇ ਇਸ ਤਪਸ਼ ਨਾਲ ਖਤਰਾ ਹੈ ਸਮੁੰਦਰ ਦੇ ਨੇੜਲੇ ਬਹੁਤ ਸਾਰੇ ਇਲਾਕਿਆਂ ਤੇ ਟਾਪੂਆਂ ਦਾ ਜਲ ਮਗਨ ਹੋ ਜਾਣ ਦਾ !

**ਔਰਤ ਸੂਤਰਧਾਰ:** ਆਹੋ ਜੀ ਜਦ ਤਪਸ਼ ਵਧਣ ਨਾਲ ਗਲੇਸ਼ੀਅਰ ਪਿਘਲ ਕੇ ਸਮੁੰਦਰ ਦਾ ਜਲ ਸਤਰ ਵਧਾ ਦੇਣਗੇ ਤਾਂ ਡੋਬਾ ਤਾਂ ਹੋਵੇਗਾ ਹੀ ਨੇੜਲੇ ਖੇਤਰਾਂ ਦਾ !

**ਮਰਦ ਸੂਤਰਧਾਰ:** ਸੁਨਹਿਰੇ ਭਵਿੱਖ ਵਾਸਤੇ ਜਰੂਰੀ ਹੈ ਊਰਜਾ ਕੁਸ਼ਲਤਾ ਨੂੰ ਵਧਾਉਣਾ , ਬਿਜਲੀ ਦਾ ਬਚਾਇਆ ਇੱਕ ਯੂਨਿਟ , ਪੈਦਾ ਕੀਤੇ 1.33 ਯੂਨਿਟ ਦੇ ਬਰਾਬਰ ਹੈ !

**ਔਰਤ ਸੂਤਰਧਾਰ:** ਬਿਜਲੀ ਬਚਾਉਣ ਵਾਸਤੇ ਯਤਨ ਹਨ ਕਿ ਜਦ ਕੋਈ ਘਰ ਜਾਂ ਕਮਰੇ ਵਿੱਚ ਨਾ ਹੋਵੇ ਤਾਂ ਪੱਖੇ, ਲਾਈਟਾਂ ਆਪੇ ਬੰਦ ਹੋ ਜਾਣ !

**ਮਰਦ ਸੂਤਰਧਾਰ:** ਪੈਕਿੰਗ ਦੇ ਸਮਾਨ ‘ਤੇ ਬਜਾਰ ਵਿੱਚੋਂ ਸਮਾਨ ਲਿਆਉਣ ਵਾਸਤੇ ਬਹੁਤ ਸਾਰੇ ਲਿਫਾਪੈ ਕਾਰਟੂਨ ਆਦਿ ਵਰਤੇ ਜਾਂਦੇ ਨੇ , ਜਦ ਕਿ ਪੈਕਿੰਗ ਨੂੰ ਸਾਦਾ ਕਰਕੇ ਇਸ ਸਮਾਨ ਨੂੰ ਬਣਾਉਣ ਵਿੱਚ ਲੱਗਦੀ ਊਰਜਾ ਦੀ ਹੋ ਸਕਦੀ ਹੈ ਬੱਚਤ !

**ਔਰਤ ਸੂਤਰਧਾਰ:** ਹਾਂ ਜੀ! ਬਜਾਰ ਤੋਂ ਸਮਾਨ ਲਿਆਉਣ ਵਾਸਤੇ ਸੂਤੀ ਝੋਲੇ ਦੀ ਵਰਤੋਂ ਵੀ ਬਚਾ ਸਕਦੀ ਹੈ ਬਹੁਤ ਸਾਰੀ ਊਰਜਾ ਲੱਗਦੀ ਹੈ ਜੋ ਪਲਾਸਟਿਕ ਦੇ ਲਿਫਾਫਿਆਂ ਦੇ ਨਿਰਮਾਣ ਵਿੱਚ !

**ਮਰਦ ਸੂਤਰਧਾਰ:** ਸਾਨੂੰ ਲੋੜ ਹੈ ਹਰਿਤ ਤਕਨਾਲੋਜੀ ਦੀ, ਜਿਸ ਨਾਲ ਸਾਡੇ ਪਰਿਆਵਰਣ ਉਤੇ ਕੋਈ ਮਾੜਾ ਅਸਰ ਨਾ ਪਵੇ ਅਤੇ ਜਿਹੜੀ ਘੱਟ ਤੋਂ ਘੱਟ ਊਰਜਾ ‘ਤੇ ਈਂਧਨ ਨਾਲ ਬਹੁਤ ਸਾਰਾ ਕੰਮ ਕਰ ਸਕੇ ।

**ਔਰਤ ਸੂਤਰਧਾਰ:** ਇਹ ਤਾਂ ਜਰੂਰੀ ਹੀ ਹੈ ਕਿਉਂ ਜੋ ਬਿਜਲੀ ਖਪਤ ਦਾ ਅੱਧਾ ਹਿਸਾ ਤਾਂ ਉਦਯੋਗਾਂ ਵਿੱਚ ਹੀ ਲੱਗਦਾ ਹੈ ਤੇ ਦੂਜੀ ਵੱਡੀ ਖਪਤ ਹੋ ਰਹੀ ਹੈ ਵਾਹਣਾਂ ਵਿੱਚ ! ਤਕਨਾਲੋਜੀ ਦਾ ਵਿਕਾਸ ਇਨ੍ਹਾਂ ਵਿੱਚ ਊਰਜਾ ਕੁਸ਼ਲਤਾ ਸੱਕਦਾ ਹੈ ਵਧਾ !

**ਮਰਦ ਸੂਤਰਧਾਰ:** ਸ਼ਹਿਰੀਕਰਨ ਵੱਧ ਰਿਹਾ ਹੈ ਤੇ ਸ਼ਹਿਰੀ ਆਧੁਨਿਕਤਾ ਦੇ ਨਾਲ ਵਧਦੀ ਹੈ ਊਰਜਾ ਦੀ ਮੰਗ ਤੇ ਵਧ ਰਿਹਾ ਹੈ ਪ੍ਰਦੂਸ਼ਣ! ਸ਼ਹਿਰ ਦਾ ਇੱਕ ਵਾਸਿੰਦਾ, ਸਾਲ ਵਿਚ ਔਸਤਨ ਚਾਰ ਟਨ ਕਾਰਬਨ-ਡਾਈਆਕਸਾਈਡ ਦਾ ਉਤਸਰਜਨ ਕਰਦਾ ਹੈ।

**ਔਰਤ ਸੂਤਰਧਾਰ:**ਆਧੁਨਿਕ ਜੀਵਣ ਸ਼ੈਲੀ ਵਧਾ ਰਹੀ ਹੈ ਕਾਰਬਨ ਫੁੱਟ ਪ੍ਰਿੰਟਸ ਯਾਣੀ ਕਿਸੇ ਵਿਅਕਤੀ ਜਾ ਸੰਸਥਾ ਵੱਲੋਂ ਪ੍ਰਦੂਸ਼ਣ ਪੈਦਾ ਕਰਨ ਵਾਲੀਆਂ ਪੈਦਾ ਕੀਤੀਆਂ ਗਈਆਂ ਹਰਿਤ ਘਰ ਪ੍ਰਭਾਵ ਗੈਸਾਂ ਦੀ ਵੱਧ ਰਹੀ ਹੈ ਮਾਤਰਾ !

**ਮਰਦ ਸੂਤਰਧਾਰ:** ਬੱਸ ਆਹ ਜਿਹੜਾ ਖਾਣ ਪੀਣ ਦਾ ਸਮਾਨ ਭੋਜਨ ਪਦਾਰਥ ਆਦਿ ਅਸੀਂ ਕਾਰਖਾਨਿਆਂ ਵਿੱਚ ਬਣਿਆ ਵਰਤਦੇ ਹਾਂ ਉਹ ਸਾਰੇ ਦਾ ਸਾਰਾ ਵਧਾਉਂਦਾ ਹੈ ਕਾਰਬਨੀ ਪੈੜਾਂ !

**ਔਰਤ ਸੂਤਰਧਾਰ:** ਅਸੀਂ ਰੁੱਖ ਦਿੱਤੇ ਵੱਢ, ਬਣਾ ਦਿੱਤੇ ਉਚੇ ਉਚੇ ਪੁਲ, ਕਿੱਥੇ ਜ਼ਜ਼ਬ ਹੋਵੇ ਕਾਰਬਨ ?

**ਮਰਦ ਸੂਤਰਧਾਰ:**ਅਸੀਂ ਅਜੇ ਵੀ ਹੋ ਸਕਦੇ ਹਾਂ ਕਾਰਬਨ ਨਿਊਟਰਲ, ਯਾਣੀ ਜਿੰਨੀ ਕਾਰਬਨ ਛੱਡੀਏ ਉਨੀ ਕਰੀਏ ਸੋਖਤਾ!

**ਔਰਤ ਸੂਤਰਧਾਰ:** ਹਾਂ ਕਾਰਬਨ ਨਿਊਟਰਲ ਬਣਨ ਵਾਸਤੇ ਅਸੀਂ ਘਟਾ ਸਕਦੇ ਹਾਂ ਕਾਰਬਨ ਉਤਸਰਜਨ, ਤਿੰਨ "ਆਰ" ਤੇ ਅਮਲ ਕਰਕੇ, ਸੰਕੋਚੀ ਵਰਤੋਂ, ਪੁਨਰ-ਵਰਤੋਂ, ਪੁਨਰ-ਚਕਰੀਕਰਨ !

**ਮਰਦ ਸੂਤਰਧਾਰ:** ਬੱਸ ਜਿੰਨੀ ਕੁ ਕਾਰਬਨ ਛੱਡੀਏ ਉਸਦੇ ਸੋਖਣ ਵਾਸਤੇ ਲਗਾ ਦੇਈਏ ਰੁੱਖ ਵੱਧ ਤੋਂ ਵੱਧ !

**ਔਰਤ ਸੂਤਰਧਾਰ:** ਹਾਂ ਜਿਆਦਾ ਰੁੱਖ ਲਗਾ ਕੇ, ਫਾਲਤੂ ਚੀਜਾਂ ਵਰਤ ਕੇ ਸੁੱਟਣ ਨੂੰ ਠੱਲ੍ਹ ਪਾਕੇ, ਕਾਰਬਨ ਉਤਸਰਜਨ ਘਟਾ ਕੇ ਅਸੀਂ ਕਮਾ ਸੱਕਦੇ ਹਾਂ ਕਾਰਬਨ ਕਰੈਡਿਟ ਵੀ ! ਭਾਵ ਜਿੰਨੀ ਕਾਰਬਨ ਅਸੀਂ ਛੱਡਦੇ ਹਾਂ ਉਸਤੋਂ ਵੱਧ ਸੋਖਣ ਦਾ ਕਰ ਲਿਆ ਹੈ ਅਸੀਂ ਪ੍ਰਬੰਧ ।

**ਮਰਦ ਸੂਤਰਧਾਰ:** ਇਸ ਨਾਲ ਸਾਡੇ ਰੋਜ ਦੇ ਲੱਗਦੇ ਬਿਜਲੀ ਕੱਟ ਅਤੇ ਟਰਾਂਸਫਾਰਮਰ ਸੜਣ ਦਾ ਹੀ ਹੋ ਜਾਏਗਾ ਸਮਾਧਾਨ !

**ਔਰਤ ਸੂਤਰਧਾਰ:** ਜਦ ਊਰਜਾ ਦੀ ਵਰਤੋਂ ਲੋੜ ਅਨੁਸਾਰ ਤੇ ਕੁਸ਼ਲਤਾ ਨਾਲ ਹੋਵੇਗੀ ਤਾਂ ਮੰਗ ਤੇ ਪੂਰਤੀ ਵਿੱਚਲਾ ਪਾੜਾ ਜਾਵੇਗਾ ਘੱਟ! ਆਪਣੇ ਆਪ ਹੀ ਲੋਡ ਵਧਣ ਤੇ ਟਰਾਂਸਫਾਰਮਰ ਸੜਣ ਤੇ ਲੱਗ ਜਾਵੇਗੀ ਰੋਕ!

**ਮਰਦ ਸੂਤਰਧਾਰ:** ਇਸ ਨਾਲ ਸਾਡੀ ਪਰਿਵਰਣ ਦੀ ਵੀ ਸਮੱਸਿਆ ਹੋਵੇਗੀ ਹੱਲ !

**ਔਰਤ ਸੂਤਰਧਾਰ:** ਹੈਂ ! ਉਹ ਕਿਵੇਂ ?

**ਮਰਦ ਸੂਤਰਧਾਰ:** ਵਾਹ ! ਇਹ ਤਾਂ ਸਾਨੂੰ ਪਤਾ ਹੀ ਹੈ ਕਿ 70 % ਬਿਜਲੀ ਤਾਪ ਬਿਜਲੀ ਘਰਾਂ ਤੋਂ ਮਿਲਦੀ ਹੈ ਉਸ ਵਿੱਚੋਂ ਵੀ 62% ਕੋਲੇ ਵਾਲਿਆਂ ਤੋਂ ! ਬਿਜਲੀ ਨੂੰ ਕੁਸ਼ਲਤਾ ਨਾਲ ਵਰਤ ਕੇ ਲੋੜ ਘਟਾਉਣ ਨਾਲ ਬਲੇਗਾ ਘੱਟ ਕੋਲਾ ਬਿਜਲੀ ਵਾਸਤੇ !

**ਔਰਤ ਸੂਤਰਧਾਰ:** ਘੱਟ ਕੋਲਾ ਬਲੇਗਾ ਤਾਂ ਹੋਵੇਗਾ ਘੱਟ ਪ੍ਰਦੂਸ਼ਣ ਵੀ !

**ਮਰਦ ਸੂਤਰਧਾਰ:** ਇਸੇ ਲਈ ਤਾਂ ਕਹਿਮਦੇ ਨੇ ਕਿ ਐਲ ਈ ਡੀ ਬਲਬ ਵਰਤੀਏ ਤੇ ਏ ਸੀ ਦਾ ਤਾਪਮਾਨ ਰੱਖੀਏ 24 ਤੋਂ 26 ਡਿਗਰੀ ਸੈਲਸੀਅਸ 'ਤੇ ।

**ਔਰਤ ਸੂਤਰਧਾਰ:** ਆਹੋ ਸਾਡੇ ਦੇਸ ਵਿੱਚ ਤਾਂ ਅਸੀਂ ਸੂਰਜੀ ਊਰਜਾ ਦਾ ਪ੍ਰਚਲਣ ਕਰ ਰਹੇ ਹਾਂ ਤੇ 2030 ਤੱਕ 2005 ਦੇ ਮੁਕਾਬਲੇ ਅਸੀਂ ਕਾਰਬਨ ਉਤਸਰਜਨ ਇੱਕ ਤਿਹਾਈ ਕਰ ਦੇਣਾ ਹੈ ।

**ਮਰਦ ਸੂਤਰਧਾਰ:** ਹਾਂ ! ਸੌਰ ਪੈਨਲਾਂ ਵਾਸਤੇ ਅਸੀਂ ਸੌਰ ਪੇੜ ਬਣਾ ਕੇ ਖਰਚਾ ਘਟਾ ਰਹੇ ਹਾਂ !

**ਔਰਤ ਸੂਤਰਧਾਰ:** ਆਹੋ ਜੀ ! ਹੁਣ ਤਾਂ ਤਕਨਾਲੋਜੀ ਆ ਗਈ ਕਿ ਇਨ੍ਹਾਂ ਦੀ ਦਿਸ਼ਾ ਜਿਧਰ ਚਾਹੀਏ ਮੋੜ ਸਕਦੇ ਹਾਂ ਤੇ ਇਨ੍ਹਾਂ ਨੂੰ ਧੋ ਕੇ ਸਾਫ ਵੀ ਕਰ ਸਕਦੇ ਹਾਂ ।

**ਮਰਦ ਸੂਤਰਧਾਰ:** ਸਟਾਰ ਰੇਟਿੰਗ ਵਾਲੇ ਪੱਖਿਆਂ ਨਾਲ ਵੀ ਬੱਚਤ ਹੁੰਦੀ ਹੈ ਊਰਜਾ ਦੀ !

**ਔਰਤ ਸੂਤਰਧਾਰ:** ਸਾਡੇ ਇਥੇ ਤਾਂ ਇੱਕ ਵੱਖਰਾ ਮੰਤਰਾਲਾ ਵੀ ਹੈ ਗੈਰ ਪ੍ਰੰਪਰਿਕ ਊਰਜਾ ਦਾ ਜੋ ਕੰਮ ਕਰ ਰਿਹਾ ਹੈ ਪਿਛਲੇ 37 ਸਾਲ ਤੋਂ !

**ਮਰਦ ਸੂਤਰਧਾਰ:** ਪਰ ਸਾਡੇ 56% ਪਿੰਡਾਂ ਨੂੰ ਤਾਂ ਅਜੇ ਵੀ ਨਸੀਬ ਨਹੀਂ ਹੋਈ ਬਿਜਲੀ!

**ਔਰਤ ਸੂਤਰਧਾਰ:** ਊਰਜਾ ਕੁਸ਼ਲਤਾ ਵਾਸਤੇ ਤਾਂ ਸਾਡੇ ਇੱਥੇ 2001 ਵਿੱਚ ਊਰਜਾ ਕੁਸ਼ਲਤਾ ਬਿਊਰੋ ਦੀ ਸਥਾਪਣਾ ਕਰ ਦਿੱਤੀ ਗਈ ਸੀ ! ਇਹੀ ਬਿਊਰੋ ਵੇਖਦਾ ਹੈ ਵੱਖ ਵੱਖ ਉਪਕਰਣਾ ਦੀ ਊਰਜਾ ਕੁਸ਼ਲਤਾ ਤੇ ਕਰਦਾ ਹੈ ਉਨ੍ਹਾਂ ਦੀ ਸਟਰਾ ਰੇਟਿੰਗ ਵੀ !

**ਮਰਦ ਸੂਤਰਧਾਰ:** ਹੁਣ ਤਾਂ ਅਸੀਂ ਭਵਨ ਨਿਰਮਾਨ ਵਾਸਤੇ ਵੀ ਹਰਿਤ ਭਵਨ ਕਲਾ ਦਾ ਧਿਆਨ ਰੱਖਦੇ ਹਾਂ !

**ਔਰਤ ਸੂਤਰਧਾਰ:** ਭਾਰਤ ਵਿੱਚ ਪ੍ਰਮਾਣੂ ਊਰਜਾ ਦੇ 11 ਰਿਐਕਟਰ ਲਗਾ ਕੇ 8000 ਮੈਗਾ ਵਾਟ ਹੋਰ ਪ੍ਰਮਾਣੂ ਬਿਜਲੀ ਪੈਦਾ ਕਰਨ ਦਾ ਟੀਚਾ ਹੈ !

**ਮਰਦ ਸੂਤਰਧਾਰ:** ਸਾਡਾ ਨਿਸ਼ਾਨਾ ਹੈ ਹਰ ਇੱਕ ਲਈ ਤੇ ਹਰ ਇੱਕ ਤੱਕ ਪਹੁੰਚ ਵਾਲੀ ਹਰਿਤ ਊਰਜਾ !

**ਔਰਤ ਸੂਤਰਧਾਰ:** ਆਹੋ ਜੀ ! ਇਸ ਕਾਰਜ ਦੀ ਪੂਰਤੀ ਵਿੱਚ ਬਹੁਤ ਮੁਸ਼ਕਲ ਪੇਸ਼ ਆ ਰਹੀ ਹੈ ਦੂਰ ਦਰਾਜ ਦੇ ਪਿੰਡਾਂ ਵਿੱਚ, ਦੁਰਗਮ ਇਲਾਕਿਆਂ ਵਿੱਚ ਤੇ ਕਬਾਇਲੀ ਖੇਤਰਾਂ ਦੇ ਵਿੱਚ !

**ਮਰਦ ਸੂਤਰਧਾਰ:** ਪਰ ਹੁਣ ਤਾਂ ਸੌਰ ਊਰਜਾ ਵਾਸਤੇ ਇੱਕ ਗੋਲ ਗੋਲਾ ਤਿਆਰ ਕਰ ਲਿਆ ਹੈ ਜਰਮਨ ਵਿਗਿਆਨੀ ਆਦਰੇ ਬੋਰਸਿਲ ਨੇ ! ਜਪਾਨ ਦੀ ਕੰਪਨੀ ਜੈਕਸਾ ਨੇ ਤਾਂ 2030 ਤੱਕ ਪੁਲਾੜ ਵਿੱਚ ਪੈਨਲ ਲਗਾ ਕੇ ਸੌਰ ਊਰਜਾ ਧਰਤੀ ਤੇ ਭੇਜਣ ਦਾ ਕਰ ਦਿੱਤਾ ਹੈ ਐਲਾਨ !

**ਔਰਤ ਸੂਤਰਧਾਰ:** ਇਹ ਤਾਂ ਹੈ ਵੀ ਬਦੇਸੀ ਤੇ ਮਹਿੰਗਾ ਵੀ ਬਹੁਤ ਹੈ ! ਪਰ ਸਾਡੇ ਵਿਗਿਆਨੀ ਵੀ ਨਿੱਤਰ ਆਏ ਨੇ ਮੈਦਾਨ ਵਿੱਚ , ਸਸਤੀ ,ਹਰਿਤ ਤੇ ਟਿਕਾਊ ਊਰਜਾ ਦੇ ਵਾਸਤੇ !

**ਮਰਦ ਸੂਤਰਧਾਰ:**ਹਾਂ ਜੀ! ਇਸਦਾ ਵੀ ਤੋੜ ਲੱਭ ਲਿਆ ਸਾਡੇ ਵਿਗਿਆਨੀਆਂ ਨੇ ! ਰਾਸਟਰੀ ਭੌਤਿਕ ਪ੍ਰਯੋਗਸ਼ਾਲਾ ਨਵੀਂ ਦਿੱਲੀ ਦੇ ਵਿਗਿਆਨੀਆਂ ਨੇ ਤਿਆਰ ਕਰ ਲਿਆ ਹੈ ਸੰਸਾਰ ਦਾ ਪਲੇਠਾ ਹਾਈਡਰੋ ਇਲੈਕਟਰਿਕ ਸੈੱਲ !

**ਔਰਤ ਸੂਤਰਧਾਰ:**ਸਾਡੇ ਭਾਰਤ ਦੇ ਵਿਗਿਆਨੀ ਆਰ. ਕੇ. ਕੋਟਨਾਲਾ ਤੇ ਉਸਦੀ ਸਹਿਯੋਗੀ ਡਾ. ਜੋਤੀ ਸ਼ਾਹ ਦੀ ਟੀਮ ਨੇ ਪਾਣੀ ਨੂੰ ਤੋੜ ਕੇ ਬਿਜਲੀ ਚਲਾਉਣ ਵਾਲਾ ਕਰ ਦਿੱਤਾ ਹੈ ਤਿਆਰ ਇੱਕ ਹਾਈਡਰੋ ਇਲੈਕਟਰਿਕ ਸੈੱਲ !

**ਮਰਦ ਸੂਤਰਧਾਰ:** ਇਨ੍ਹਾਂ ਵਿਗਿਆਨੀਆਂ ਨੇ ਨੈਨੋ ਤਕਨਾਲੋਜੀ ਵਰਤ ਕੇ ਨੈਨੋ ਪੋਰਸ ਲਿਥੀਅਮ ਵਾਲੇ ਮੈਗਨੀਸ਼ੀਅਮ ਫੈਰਾਈਟ ਦੀ ਕੀਤੀ ਹੈ ਵਰਤੋਂ !

**ਔਰਤ ਸੂਤਰਧਾਰ:** ਹਾਂ ਜੀ ਇਹ ਹਾਈਡਰੋ ਇਲੈਕਟਰਿਕ ਸੈੱਲ ਬਣਿਆ ਹੈ ਨੈਨੋ ਤਕਨਾਲੋਜੀ , ਰਸਾਇਣ ਵਿਗਿਆਨ ਤੇ ਪਦਾਰਥ ਵਿਗਿਆਨ ਦੇ ਸੁਮੇਲ ਦੇ ਨਾਲ !

**ਮਰਦ ਸੂਤਰਧਾਰ:** ਇਸ ਵਿੱਚ ਪਾਣੀ ਦੇ ਟੁੱਟਣ ਨਾਲ ਬਣਦੇ ਹਾਈਡਰੋਜਨ ਆਇਨ ਇਕੱਤਰ ਹੁੰਦੇ ਨੇ ਚਾਂਦੀ ਦੇ ਕੈਥੋਡ ‘ਤੇ ਅਤੇ ਹਾਈਡਰੋਨੀਅਨਮ ਆਇਨ ਇਕੱਤਰ ਹੁੰਦੇ ਨੇ ਜਿਸਤ ਦੇ ਐਨੋਡ ਦੇ ਉਪਰ !

**ਔਰਤ ਸੂਤਰਧਾਰ:** ਬੱਸ ਇਨ੍ਹਾਂ ਦੀ ਚਾਲ ਹੀ ਬਣਾਉਂਦੀ ਹੈ ਬਿਜਲੀ ਪ੍ਰਵਾਹ ! ਇਹ ਸੈੱਲ ਜਦ ਹੋ ਗਿਆ ਤਿਆਰ ਵਿਉਪਾਰਕ ਪੱਧਰ ਤੇ ਤਾਂ ਹੱਲ ਹੋ ਜਾਵੇਗੀ ਊਰਜਾ ਦੀ ਸਮੱਸਿਆ ਦੁਰਗਮ ਤੇ ਕਬਾਇਲੀ ਇਲਾਕਿਆਂ ਦੇ ਸਾਰੇ ਵਸਿੰਦਿਆਂ ਨੂੰ ਊਰਜਾ ਉਪਲਬਧ ਕਰਵਾਉਣ ਦੀ !

**ਮਰਦ ਸੂਤਰਧਾਰ:** ਓਹ ਵੀ ਹਰਿਤ ਊਰਜਾ , ਸਸਤੀ ਤੇ ਟਿਕਾਊ ਵੀ !

**ਔਰਤ ਸੂਤਰਧਾਰ:** ਹਾਂ ਜੀ 1980 ਦੀ ਜੋਹਨ ਬਸਿਟਰ ਗੁਡਰਫ ਵੱਲੋਂ ਬਣਾਈ ਲਿਥੀਅਮ ਆਇਨ ਬੈਟਰੀ ਜੋ 1991 ਵਿੱਚ ਸੋਨੀ ਨੇ ਵਪਾਰਕ ਰੂਪ ਵਿੱਚ ਮੰਡੀ ਵਿੱਚ ਉਤਾਰੀ ਤੋਂ ਬਾਅਦ ਬੈਟਰੀਆਂ ਦੀ ਦੁਨੀਆ ਵਿੱਚ ਸਾਡਾ ਇਹ ਹਾਈਡਰੋਇਲੈਕਟਰਿਕ ਸੈੱਲ ਇੱਕ ਵੱਡੀ ਪੁਲਾਂਘ ਹੈ !

**ਮਰਦ ਸੂਤਰਧਾਰ:** ਇਸ ਸੈੱਲ ਵਿੱਚ 2 ਇੰਚ ਵਿਆਸ ਦੀ ਮੈਗਨੇਸ਼ੀਅਮ ਫੈਰਾਈਟ ਦੀ ਪਲੇਟ 150 ਮਿਲੀ ਐਮਪੀਅਰ 0.9 ਵੋਲਟ ਦਾ ਕਰੰਟ ਪੈਦਾ ਕਰਦੀ ਹੈ ਚਾਰ ਸੈੱਲਾਂ ਨੂੰ ਲੜੀ ਵਿੱਚ ਜੋੜਕੇ ਪਲਾਸਟਿਕ ਦੇ ਪੱਖੇ ਨੂੰ ਚਲਾਉਣ ਵਸਤੇ 3.70 ਵੋਲਟ ਦਾ ਕਰੰਟ ਪੈਦਾ ਹੋ ਸਕਦਾ ਹੈ!

**ਦ੍ਰਿਸ਼ ਬਦਲਾਅ**

**............ਦ੍ਰਿਸ਼ ਬਦਲਾਅ ਸੰਗੀਤ ............**

**ਦ੍ਰਿਸ਼ -3**

**ਔਰਤ ਸੂਤਰਧਾਰ:** ਊਰਜਾ ਬਚਾਓ ਅਮਲਾਂ ਨਾਲ ਜੋੜ ਕੇ ਹਰਿਤ ਊਰਜਾ ਦਾ ਸੁਪਨੇ ਵੱਲ ਨੂੰ ਸੌਖਾ ਵਧਿਆ ਜਾ ਸਕਦਾ ਹੈ !

**ਮਰਦ ਸੂਤਰਧਾਰ:**ਟਿਕਾਊ ਵਿਕਾਸ ਦੇ ਵਾਸਤੇ ਊਰਜਾ ਬਚਾਓ ਮੁਹਿੰਮਾਂ ਹਕੀਕੀ ਮੁਹਿੰਮਾਂ ਹੋਣੀਆਂ ਚਾਹੀਦੀਆਂ ਹਨ ! ਜਿਨ੍ਹਾਂ ਦੀ ਕਹਿਣੀ ਤੇ ਕਥਨੀ ਵਿੱਚ ਹੋਵੇ ਅੰਤਰ ਉਨ੍ਹਾਂ ਦੇ ਭਾਸ਼ਣਾਂ ਦਾ ਕੋਈ ਬਹੁਤਾ ਪ੍ਰਭਾਵ ਨਹੀਂ ਪੈਂਦਾ !

**ਔਰਤ ਸੂਤਰਧਾਰ:** ਪਰ ਕਿਉਂ ਨਹੀਂ ਪੈਂਦਾ ਉਨ੍ਹਾਂ ਦਾ ਪ੍ਰਭਾਵ !

**ਮਰਦ ਸੂਤਰਧਾਰ:** ਇੱਕ ਤਾਂ ਇਸ ਵਾਸਤੇ ਕਿ ਲੋਕ ਜਦ ਉਨ੍ਹਾਂ ਦੇ ਆਪਣੇ ਊਰਜਾ ਅਜਾਈ ਗੁਆਉਣ ਦੇ ਅਮਲ ਵੇਖਦੇ ਸੁਣਦੇ ਹਨ ਤਾਂ ਉਹ ਉਨ੍ਹਾਂ ਦੇ ਕਹੇ ਤੇ ਬਹੁਤਾ ਧਿਆਨ ਨਹੀਂ ਦਿੰਦੇ ! ਦੂਜੇ ਜਿਨ੍ਹਾਂ ਨੇ ਕਦੇ ਖੁਦ ਊਰਜਾ ਬਚਾ ਕੇ ਨਹੀਂ ਵੇਖੀ ਉਹ ਕਦੀ ਅਜਿਹੇ ਕਾਰਗਰ ਉਪਾਅ ਵੀ ਨਹੀਂ ਦੱਸ ਸਕਦੇ ਜਿਹੜੇ ਸੌਖੇ ਹੋਣ ਤੇ ਰੋਜਾਨਾ ਜੀਵਣ ਵਿੱਚ ਥੋਹੜੇ ਬਹੁਤੇ ਤਰੱਦਦ ਨਾਲ ਅਪਣਾਏ ਜਾ ਸਕਦੇ ਹੋਣ !

**ਔਰਤ ਸੂਤਰਧਾਰ:** ਜਿਵੇਂ ਅਜਿਹੇ ਪ੍ਰਚਾਰਕ ਜੋ ਕਰਨੀ ਦੇ ਸੂਰੇ ਨਹੀਂ ਉਹ ਪਹਿਲਾਂ ਤਾਂ ਇਹੀ ਧਾਰਨਾ ਬਣਾ ਕੇ ਪ੍ਰਚਾਰ ਕਰਦੇ ਨੇ ਕਿ ਊਰਜਾ ਪੇਂਡੂ ਲੋਕ ਅਜਾਈ ਗੁਆਉਂਦੇ ਨੇ ਅਨਪੜ੍ਹ ਹੋਣ ਕਰਕੇ , ਜੋ ਕਿ ਹਕੀਕਤ ਵਿੱਚ ਸੱਚ ਨਹੀਂ ਹੈ !

**ਮਰਦ ਸੂਤਰਧਾਰ:** ਹਾਂ ਜੀ ! ਉਹ ਤਾਂ ਕਈ ਵਾਰ ਜਿਹੜੀ ਊਰਜਾ ਸ਼ਹਿਰੀ ਬਿਨਾ ਮਤਲਬ ਖਰਾਬ ਕਰੀ ਜਾਂਦੇ ਨੇ , ਜਿਹੜੀ ਊਰਜਾ ਪੜ੍ਹੇ ਲਿਖੇ ਸੰਪਨ ਲੋਕ ਖਰਾਬ ਕਰਦੇ ਨੇ ਉਸ ਉਪਰ ਧਿਆਨ ਹੀ ਨਹੀਂ ਦਿੰਦੇ !

**ਔਰਤ ਸੂਤਰਧਾਰ:** ਆਹੋ ਜੀ !ਉਹ ਲੋਕਾਂ ਨੂੰ ਕਹਿੰਦੇ ਨੇ ਜਦ ਲੋੜ ਨਾ ਹੋਵੇ ਸਵਿਚ ਬੰਦ ਰੱਖੋ ਆਪ ਕਈ ਕਈ ਲਾਈਟਾਂ ਪੱਖੇ ਚਲਦੇ ਹੀ ਛੱਡੀ ਛੱਡਦੇ ਨੇ , ਲੋਕਾਂ ਨੂੰ ਕਹਿੰਦੇ ਨੇ ਪਾਣੀ ਬਚਾਓ ਪਰ ਆਪ ਪਾਈਪ ਲਗਾ ਕੇ ਕਾਰਾਂ

ਧੋਣ ਤੇ ਹੀ ਪਾਣੀ ਜਾਇਆ ਛੱਡ ਦਿੰਦੇ ਨੇ ਜਿਸ ਨਾਲ ਪੈਦਾ ਹੁੰਦਾ ਹੈ ਪਾਣੀ , ਊਰਜਾ ਤੇ ਪਰਿਆਵਰਣ ਦਾ ਸੰਕਟ!

**ਮਰਦ ਸੂਤਰਧਾਰ:** ਹਾਂ ! ਇਹ ਲੋਕ ਤਾਂ ਆਪਣੇ ਵੱਡੇ ਵੱਡੇ ਫਰਿਜਾਂ ਨੂੰ ਫਾਲਤੂ ਖਾਣੇ ਤੇ ਤਰ੍ਹਾਂ ਤਰ੍ਹਾਂ ਦੇ ਪਕਵਾਨਾਂ ਨਾਲ ਹੀ ਭਰੀ ਰੱਖਦੇ ਨੇ ਤੇ ਕਰਦੇ ਨੇ ਖਿਲਵਾੜ ਊਰਜਾ ਦੀ ਵਰਤੋਂ ਦੇ ਨਾਲ !

**ਔਰਤ ਸੂਤਰਧਾਰ:** ਇਹ ਤਾਂ ਕਈ ਵਾਰ ਇਹ ਵੀ ਨਹੀਂ ਸੋਚਦੇ ਕਿ ਅਜਿਹਾ ਖਾਣਾ ਅਜਾਈ ਜਾਂਦਾ ਹੈ ਤੇ ਇਸ ਵਿੱਚ ਪੌਸ਼ਟਿਕ ਤੱਤ ਤੇ ਊਰਜਾ ਵੀ ਘਟਦੀ ਹੈ , ਇਸ ਤਰ੍ਹਾਂ ਇਹ ਲੋਕ ਕਰਦੇ ਨੇ ਊਰਜਾ ਨੂੰ ਬਿਨਾ ਲੋੜ ਦੇ ਖਰਾਬ !

**ਮਰਦ ਸੂਤਰਧਾਰ:** ਇਹਨਾਂ ਦੇ ਮਾਪ ਦੰਡ ਆਪਣੇ ਵਾਸਤੇ ਹੋਰ ਤੇ ਲੋਕਾਂ ਲਈ ਹੋਰ ਹੁੰਦੇ ਨੇ , ਆਪ ਵਰਤਦੇ ਨੇ ਵੱਡੀਆਂ ਵੱਡੀਆਂ ਏ ਸੀ ਗੱਡੀਆਂ ਕੇਵਲ ਦਿਖਾਵੇ ਵਾਸਤੇ ਤੇ ਲੋਕਾਂ ਨੂੰ ਪੜ੍ਹਾਉਂਦੇ ਨੇ ਪਾਠ ਸੰਜਮ ਦਾ !

**ਔਰਤ ਸੂਤਰਧਾਰ:** ਪਰ ਇਨ੍ਹਾਂ ਵੱਡੀਆਂ ਗੱਡੀਆਂ ਦੇ ਪਲਾਟਕ ਦੇ ਡਕਟਾਂ ਦੀ ਰੁਕੀ ਹੋਈ ਹਵਾ ਤਾਂ ਹੁੰਦੀ ਹੈ ਕੈਂਸਰ ਕਾਰਕ !

**ਮਰਦ ਸੂਤਰਧਾਰ:** ਹੁੰਦਾ ਤਾਂ ਹੈ ਇਨ੍ਹਾਂ ਗਡੀਆਂ ਵਿੱਚ ਪਈਆਂ ਪਲਾਸਟਿਕ ਦੀਆਂ ਬੋਤਲਾਂ ਵਿੱਚ ਰੱਖਿਆ ਪਾਣੀ ਵੀ ਹਾਨੀਕਾਰਕ , ਪਰ ਇਨ੍ਹਾਂ ਨੂੰ ਸਮਝ ਆਏ ਤਾਂ ! ਜੇ ਹੋਰਾਂ ਲਈ ਨਹੀਂ ਤਾਂ ਘੱਟੋ ਘੱਟ ਆਪਣੀ ਸਿਹਤ ਦਾ ਕਬਾੜਾ ਕਰਨ ਦੇ ਰਾਹ ਤਾਂ ਨਾ ਪੈਣ !

**ਔਰਤ ਸੂਤਰਧਾਰ:** ਸ਼ੀਸੇ ਦੇ ਘਰ ਬਣਾਉਂਦੇ ਨੇ, ਦਫਤਰਾਂ ਦੀਆਂ ਦੀਵਾਰਾਂ ਸ਼ੀਸੇ ਦੀਆਂ ਬਣਾ ਛੱਡਦੇ ਨੇ ! ਇਸ ਗਰਮ ਮੁਲਕ ਵਿੱਚ ਬੇਲੋੜੀ ਰੀਸ ਕਰਦੇ ਨੇ ਠੰਢੇ ਯਖ ਮੁਲਕਾਂ ਦੀ , ਤੇ ਕਰਦੇ ਨੇ ਹਰਿਤ ਘਰ ਪ੍ਰਭਾਵ ਵਿੱਚ ਵਾਧਾ !

**ਮਰਦ ਸੂਤਰਧਾਰ:** ਕਿੱਥੇ ਜਾਂਦਾ ਹੈ ਇਮਾਰਤਾਂ ਦਾ ਊਰਜਾ ਆਡਿਟ ਇਨ੍ਹਾਂ ਦੇ ਬੇਲੋੜੇ ਤੇ ਇਨ੍ਹਾਂ ਦੇ ਖੁਦ ਲਈ ਵੀ ਹਾਨੀਕਾਰਕ ਚੋਚਲਿਆਂ ਦੇ ਸਾਹਮਣੇ ?

**ਔਰਤ ਸੂਤਰਧਾਰ:** ਪਰ ਉਦਯੋਗਾਂ ਦੇ ਹਿਤਾਂ ਦੀ ਵਕਤੀ ਤੌਰ ਤੇ ਪੂਰਤੀ ਵਾਸਤੇ, ਊਰਜਾ ਬਚਾਓ ਅਮਲਾਂ ਤੇ ਖੜ੍ਹਨ ਦੀ ਥਾਂ ਉਨ੍ਹਾਂ ਦੇ ਵਿਰੁੱਧ ਕਈ ਕੁੱਝ ਕਰਦੇ ਨੇ !

**ਮਰਦ ਸੂਤਰਧਾਰ:** ਪਰ ਸਰਕਾਰ ਨੇ 25 ਕਰੋੜ ਤੋਂ ਵੱਧ ਐਲ ਈ ਡੀ ਵੰਡ ਕੇ ਊਰਜਾ ਬਚਾਓ ਅਮਲਾਂ ਨੂੰ ਦਿੱਤਾ ਹੈ ਹੁਲਾਰਾ ਤੇ ਘਟਾਇਆ ਹੈ 265 ਲਖ ਟਨ ਕਾਰਬਨ ਦਾ ਉਤਸਰਜਨ ਵੀ !

**ਔਰਤ ਸੂਤਰਧਾਰ:** ਸਾਡਾ ਊਰਜਾ ਕੁਸ਼ਲਤਾ ਬਿਊਰੋ ਵੀ ਸਰਗਰਮ ਹੈ ਊਰਜਾ ਬਚਾਓ ਅਮਲਾਂ ਦੇ ਵਿੱਚ !

**ਮਰਦ ਸੂਤਰਧਾਰ:** ਸਾਡੀ ਰਸਾਇਣਿਕ ਖੇਤੀ ਨਾਲ ਸਾਡੇ ਭੋਜਨ ਵਿੱਚ ਹਾਨੀਕਾਰਕ ਤੱਤਾਂ ਦੇ ਨਾਲ ਨਾਲ ਪੋਸ਼ਕ ਤੱਤ ਵੀ ਘੱਟਦੇ ਜਾ ਰਹੇ ਨੇ !

**ਔਰਤ ਸੂਤਰਧਾਰ:** ਆਹੋ ਜੀ ! ਆਧੁਨਿਕ ਖੇਤੀ ਤੇ ਰਵਾਇਤੀ ਤੌਰ ਤਰੀਕਿਆਂ ਦਾ ਸੁਮੇਲ ਕਰਕੇ ਕੁਦਰਤ ਨਾਲ ਇਕਸੁਰਤਾ ਵਾਲੀ ਖੇਤੀ ਊਰਜਾ ਬਚਾਓ ਅਮਲਾਂ ਵਿੱਚ ਬਹੁਤ ਵੱਡੀ ਭੂਮਿਕਾ ਨਿਭਾ ਸਕਦੀ ਹੈ !

**ਮਰਦ ਸੂਤਰਧਾਰ:** ਇਸੇ ਕਰਕੇ ਤਾਂ ਅਸੀਂ ਕਹਿੰਦੇ ਹਾਂ ਕਿ ਖੇਤਾਂ ਦੀ ਰਹਿੰਦ ਖੂੰਹਦ , ਗੋਹਾ ਆਦਿ ਨੂੰ ਮੁੜ ਹਵਾਲੇ ਕਰੋ ਖੇਤਾਂ ਦੇ ਤਾ ਕਿ ਸਾਰੇ ਦੇ ਸਾਰੇ 16 ਤੱਤ ਮਿਲ ਜਾਣ ਜ਼ਮੀਨ ਨੂੰ !

**ਔਰਤ ਸੂਤਰਧਾਰ:** ਅਚਰਜ ਤਾਂ ਇਹ ਹੈ ਕਿ ਅਸੀਂ ਕੇਵਲ ਨਾਈਟਰੋਜਨ , ਫਾਸਫੋਰਸ ਤੇ ਪੁਟਾਸ਼ੀਅਮ ਦੇ ਸਹਾਰੇ ਹੀ ਚਲਾ ਰਹੇ ਹਾਂ ਖੇਤੀ ਤੇ ਕਰ ਰਹੇ ਹਾਂ ਲੋੜੋਂ ਵੱਧ ਊਰਜਾ ਦਾ ਇਸਤੇਮਾਲ !

**ਮਰਦ ਸੂਤਰਧਾਰ:** ਹਾਂ ਜੀ ਵਿਕਾਸ ਦੇ ਇਸ ਮਾਡਲ ਵਿੱਚ ਬਦਲਾ ਲਿਆ ਕੇ ਕੁਦਰਤ ਨਾਲ ਸੰਤੁਲਨ ਵਾਲਾ ਵਿਕਾਸ ਕਰਕੇ ਹੀ ਅਸੀਂ ਬਚ ਸਕਦੇ ਹਾਂ ਪਰਿਆਵਰਣ ਦੀ ਤਬਾਹੀ ਤੋਂ !

**ਔਰਤ ਸੂਤਰਧਾਰ:** ਦਰਅਸਲ ਕੁਦਰਤ ਨਾਲ ਇਕਸੁਰਤਾ ਵਾਲੇ ਵਿਕਾਸ ਦੀ ਪਗਡੰਡੀ ਦੇ ਰਾਹੀ ਬਣ ਕੇ ਹੀ ਬਚਾ ਸੱਕਦੇ ਹਾਂ ਇਸ ਦਰਤ ਗ੍ਰਹਿ ਨੂੰ ਟਿਕਾਊ ਵਿਕਾਸ ਦੀ ਵੱਲ ਮੋੜਾ ਦੇ ਕੇ !

**ਪ੍ਰਸ਼ਨ ਜਿਨ੍ਹਾਂ ਦੇ ਉਤਰ ਦੇਣ ਲਈ ਮਾਹਰਾਂ ਦੀ ਚਰਚਾ ਕਰਵਾਈ ਜਾ ਸਕਦੀ ਹੈ :-**

1. ਪਥਰਾਹਟੀ ਈਂਧਣ ਨੇ ਕਿਹੜੇ ਕਿਹੜੇ ? ਲੱਕੜੀ ਦਾ ਕੋਲਾ ਕਿਉਂ ਨਹੀਂ ਪਥਰਾਹਟੀ ਈਂਧਣ ?
2. ਪਥਰਾਹਟੀ ਈਂਧਣ ਕਿਉਂ ਕਰਦੇ ਨੇ ਪਰਿਆਵਰਣ ਨੂੰ ਦੂਸ਼ਿਤ ਤੇ ਕਿਵੇਂ ਵਧਾਉਂਦੇ ਨੇ ਅਲਮੀ ਤਪਸ਼ ?
3. ਪੈਟਰੋਲ ਤੇ ਤੇਲ ਦੀ ਥੁੜ ਕਿਉਂ ਹੋ ਰਹੀ ਹੈ ਪੈਦਾ ?
4. ਦਿੱਲੀ ਵਿੱਚ ਪ੍ਰਦੂਸਣ ਦੇ ਕੀ ਨੇ ਮੁੱਖ ਕਾਰਨ ਉਥੇ ਦੀਆਂ ਗੱਡੀਆਂ ਦੀ ਭੀੜ ਜਾ ਪੰਜਾਬ ਦੀ ਪਰਾਲੀ ? ਕਿਉਂ ?
5. ਦਿੱਲੀ ਵਿੱਚ ਹਰ ਵਿਅਕਤੀ 10 ਸਿਗਰਟਾਂ ਦੇ ਬਰਾਬਰ ਧੂੰਆਂ ਰੋਜ ਨਿਘਾਰਦਾ ਹੈ , ਕਿਵੇਂ ?
6. ਸੀ ਐਨ ਜੀ ਹੀ ਕਿਉਂ ਮੰਨਿਆ ਜਾਂਦਾ ਹੈ ਚੰਗਾ ਈਂਧਣ ਵਾਹਣਾਂ ਦੇ ਵਾਸਤੇ ?
7. ਕੀ ਹੋਰ ਮੁਲਕਾਂ ਵਿੱਚ ਵੀ ਸਰਦੀਆਂ ਵਿੱਚ ਧੁੰਦ ਆਦਿ ਵਧਦੀ ਹੈ ? ਕਿੰਨ੍ਹਾਂ ਵਿੱਚ ਤੇ ਕਿਉਂ ?
8. ਸਮੌਗ ਕਿਵੇਂ ਬਣਦੀ ਹੈ ?
9. ਪ੍ਰਾਇਮਰੀ ਪ੍ਰਦੂਸ਼ਕ ਤੇ ਸੈਕੰਡਰੀ ਪ੍ਰਦੂਸ਼ਕ ਕੀ ਹਨ ਤੇ ਕੀ ਹੈ ਆਧਾਰ ਇਸ ਵੰਡ ਦਾ ?
10. ਓਜ਼ੋਨ ਦਾ ਮਨੁੱਖੀ ਸਿਹਤ ‘ਤੇ ਕੀ ਪੈਂਦਾ ਹੈ ਪ੍ਰਭਾਵ ?
11. ਡੀਜ਼ਲ, ਪੈਟਰੋਲ ਦੀ ਖਪਤ ਆਵਾਜਾਈ ਵਿੱਚ ਘੱਟ ਕਰਨ ਵਾਸਤੇ ਕੀ ਕੀਤਾ ਜਾ ਸਕਦਾ ਹੈ ?
12. ਪੈਟਰੋਲੀਅਮ ਨੂੰ ਪੈਟਰੋਲੀਅਮ ਕਿਉਂ ਕਿਹਾ ਗਿਆ ਤੇ ਇਸ ਦੀ ਖੋਜ ਕਿਵੇਂ ਹੋਈ ?
13. ਪੈਟਰੋਲੀਅਮ ਪਦਾਰਥ ਕਿਹੜੇ ਕਿਹੜੇ ਹਨ ਤੇ ਕਿਉਂ ਕਹਿੰਦੇ ਨੇ ਇਨ੍ਹਾਂ ਨੂੰ ਪੈਟਰੋਲੀਅਮ ਪਦਾਰਥ !
14. ਪਥਰਾਹਟੀ ਬਾਲਣਾਂ ਨੂੰ ਕਿਉਂ ਕਹਿੰਦੇ ਨੇ ਜੈਵਿਕ ਈਂਧਣ ?
15. ਤੇਲ ਕੱਢਣ ਦੀ ਪ੍ਰਕਿਰਿਆ ਦਾ ਕੀ ਪੈਂਦਾ ਹੈ ਪ੍ਰਭਾਵ ਕੁਦਰਤੀ ਸ੍ਰੋਤਾਂ ‘ਤੇ ?
16. ਪੈਟਰੋਲੀਅਮ ਕੰਜ਼ਰਵੇਸ਼ਨ ਅਤੇ ਰਿਸਰਛ ਐਸੋਸੀਏਸ਼ਨ ਕੀ ਹੈ ?
17. ਪੈਟਰੋਲ ਡੀਜ਼ਲ ਤੇ ਮਿੱਟੀ ਦੇ ਤੇਲ ਵਿੱਚ ਮਿਲਾਵਟ ਰੋਕਣ ਦੇ ਕੀ ਯਤਨ ਕੀਤੇ ਜਾਂਦੇ ਹਨ ?
18. ਔਕਟੇਨ ਨੰਬਰ ਕੀ ਹੁੰਦਾ ਹੈ ?
19. ਵਾਹਣ ਦੀ ਰਫਤਾਰ ਦਾ ਈਂਧਣ ਦੀ ਖਪਤ ਨਾਲ ਕੀ ਹੈ ਸਬੰਧ ?
20. ਨਵਿਆਉਣਯੋਗ ਊਰਜਾ ਦੀ ਕੀ ਹੈ ਸਥਿਤੀ ਭਾਰਤ ਵਿੱਚ ?
21. ਊਰਜਾ ਕੁਸ਼ਲਤਾ ਕਿਵੇਂ ਜਾਈ ਸੱਕਦੀ ਹੈ ਵਧਾਈ ?
22. ਊਰਜਾ ਕੁਸ਼ਲਤਾ ਤੇ ਖੋਜ ਬਿਉਰੋ ਦਾ ਕੀ ਹੈ ਕੰਮ ?
23. ਸ਼ਹਿਰ ਦਾ ਇੱਕ ਵਾਸਿੰਦਾ ਕਿੰਨਾ ਕਾਰਬਨ ਉਤਸਰਜਨ ਕਰਦਾ ਹੈ ਇੱਕ ਸਾਲ ਵਿੱਚ ?
24. ਕਾਰਬਨ ਫੁੱਟ ਪ੍ਰਿੰਟ ( ਕਾਰਬਨੀ ਪੈੜਾਂ ) ਕੀ ਹਨ ?

25. ਕਾਰਬਨ ਕਰੈਡਿਟ ਕਹਿੰਦੇ ਨੇ ਕਿਸ ਨੂੰ ?

26. ਰੁੱਖ ਆਪਣੇ ਜੀਵਣ ਵਿੱਚ ਕਾਰਬਨੀ ਪੈੜਾਂ ਘਟਾਉਣ ਵਿੱਚ ਕੀ ਨਿਭਾਉਂਦੇ ਨੇ ਭੂਮਿਕਾ ?

27. ਊਰਜਾ ਵਰਤਨ ਦੀ ਸਾਫ ਸੁਥਰੀ ਵਿਧੀ ਦਾ ਕੀ ਹੈ ਲਾਭ ਟਿਕਾਊ ਵਿਕਾਸ ਵਾਸਤੇ ?

28. ਖੇਤ ਦੀ ਰਹਿੰਦ ਖੂੰਹਦ ਖੇਤ ਵਿੱਚ , ਸ਼ਹਿਰ ਦੀ ਰਹਿੰਦ ਖੂੰਹਦ ਸ਼ਹਿਰ ਵਿੱਚ ਤੋਂ ਕੀ ਹੈ ਭਾਵ ?

29. ਕਿੰਨੇ ਕੁ ਨੇ ਪਿੰਡ ਜੋ ਅਜੇ ਵੀ ਨੇ ਹੱਥਲ ਬਿਜਲੀ ਖੁਣੋਂ ?

30. ਆਧੁਨਿਕ ਹਰਿਤ ਊਰਜਾ ਸੱਭ ਦਾ ਹੱਕ ਵਾਸਤੇ ਭਾਰਤੀ ਵਿਗਿਆਨੀਆਂ ਦਾ ਕੀ ਹੈ ਨਵਾਂ ਯੋਗਦਾਨ,ਕਿਵੇਂ ਕੀਤਾ ਹੈ ਇਹ ਯੋਗਦਾਨ ਕਿੰਨ੍ਹਾਂ ਵਿਗਿਆਨੀਆਂ ?

31. ਊਰਜਾ ਦੀ ਬੱਚਤ ਵਾਸਤੇ ਸੱਭ ਤੋਂ ਜਿਆਦਾ ਪ੍ਰਚਾਰ ਦੀ ਕਿਥੇ ਹੈ ਲੋੜ ਤੇ ਕਿਉਂ ?

32. ਉਜਾਲਾ ਯੋਜਨਾ ਕੀ ਹੈ ਤੇ ਕੀ ਪਿਆ ਹੈ ਇਸਦਾ ਪ੍ਰਭਾਵ ?